ਸਪੌਂਸਰਸ਼ਿਪ

PUNJABI

ਦਾ ਟੁੱਟਣ

# Sponsorship Breakdown

## ਕੈਨੇਡਾ ਵਿਚ ਆਪਣੀ ਇਮੀਗਰੇਸ਼ਨ ਸਪੌਂਸਰਸ਼ਿਪ ਟੁੱਟ ਜਾਣ ’ਤੇ ਜੇ ਤੁਹਾਨੂੰ ਪੈਸਿਆਂ ਅਤੇ ਹੋਰ ਮਦਦ ਦੀ ਲੋੜ ਹੈ



Legal Services Society

British Columbia
www.legalaid.bc.ca

October 2017

ਕਾਪੀਰਾਈਟ 2017 ਲੀਗਲ ਸਰਵਿਸਿਜ਼ ਸੁਸਾਇਟੀ, ਬੀ ਸੀ
© 2017 Legal Services Society, BC

ਚੌਥਾ ਅਡੀਸ਼ਨ: ਅਕਤੂਬਰ 2017
ਪਹਿਲਾ ਅਡੀਸ਼ਨ: 2000

ISSN 1929-1655 (Print)
ISSN 1929-1663 (Online)

## ਮਾਨਤਾ

ਸੰਪਾਦਕ: Judy Clarke

ਡਿਜ਼ਾਇਨਰ: Ana Agner, Brian Goncalves, ਅਤ Andrea Rodgers

ਕਾਨੂੰਨੀ ਰਿਵੀਊਕਾਰ: Rochelle Appleby ਅਤ Alison Ward

ਡਿਵੈਲਪਮੈਂਟ ਕੋਆਰਡੀਨੇਟਰ: Alex Peel

ਅਨੁਵਾਦਕ: Gurmail Rai

ਇਹ ਕਿਤਾਬਚਾ ਵਪਾਰਕ ਵਰਤੋਂ ਲਈ ਦੁਬਾਰਾ ਨਹੀਂ ਛਾਪਿਆ ਜਾ ਸਕਦਾ, ਪਰ ਹੋਰ ਮੰਤਵਾਂ ਲਈ, ਮਾਨਤਾ ਦੇ ਕੇ ਇਸ ਦੀ ਵਰਤੋਂ ਕਰਨ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

*ਸਪੌਂਸਰਸ਼ਿਪ ਦਾ ਟੁੱਟਣਾ* ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਵਲੋਂ ਛਾਪਿਆ ਜਾਂਦਾ ਹੈ ਜੋ ਕਿ ਮੁਨਾਫੇ ਤੋਂ ਬਿਨਾਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਲੀਗਲ ਏਡ ਪ੍ਰਦਾਨ ਕਰਦੀ ਹੈ। ਐੱਲ ਐੱਸ ਐੱਸ ਬੀ ਸੀ ਸਰਕਾਰ ਤੋਂ ਵੱਖਰੀ ਹੈ, ਜੋ ਕਿ ਇਸ ਨੂੰ ਮੁੱਖ ਫੰਡ ਦਿੰਦੀ ਹੈ। ਇਸ ਨੂੰ ਲਾਅ ਫਾਊਂਡੇਸ਼ਨ ਅਤੇ ਨੋਟਰੀ ਫਾਊਂਡੇਸ਼ਨ ਤੋਂ ਵੀ ਗਰਾਂਟਾਂ ਮਿਲਦੀਆਂ ਹਨ।

ਇਹ ਕਿਤਾਬਚਾ ਕਾਨੂੰਨ ਬਾਰੇ ਆਮ ਜਾਣਕਾਰੀ ਦਿੰਦਾ ਹੈ। ਇਹ ਤੁਹਾਡੀ ਕਿਸੇ ਖਾਸ ਸਮੱਸਿਆ ਬਾਰੇ ਕਾਨੂੰਨੀ ਸਲਾਹ ਦੇਣ ਲਈ ਨਹੀਂ ਹੈ। ਹਰ ਵਿਅਕਤੀ ਦਾ ਕੇਸ ਕਿਉਂਕਿ ਵੱਖਰਾ ਹੁੰਦਾ ਹੈ, ਇਸ ਕਰਕੇ ਤੁਹਾਨੂੰ ਕਾਨੂੰਨੀ ਸਹਾਇਤਾ ਲੈਣ ਦੀ ਲੋੜ ਹੋ ਸਕਦੀ ਹੈ। *ਸਪੌਂਸਰਸ਼ਿਪ ਦਾ ਟੁੱਟਣਾ* ਵਿਚ ਅਕਤੂਬਰ 2017 ਤੱਕ ਦੀ ਨਵੀਂ ਜਾਣਕਾਰੀ ਹੈ।

***ਇਹ ਕਿਤਾਬਚਾ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕੀ ਕਰਨਾ ਹੈ ਜੇ ਤੁਸੀਂ ਉਦੋਂ ਆਪਣੀ ਮਦਦ ਨਾ ਕਰ ਸਕੋ:***

- ਜਿਹੜੇ ਵਿਅਕਤੀ ਨੇ ਤੁਹਾਨੂੰ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਲਈ ਸਪੌਂਸਰ ਕੀਤਾ ਹੈ, ਉਹ ਤੁਹਾਡੀ ਮਦਦ ਨਹੀਂ ਕਰਦਾ ਜਾਂ ਮਦਦ ਨਹੀਂ ਕਰ ਸਕਦਾ, ਅਤੇ/ਜਾਂ
- ਤੁਸੀਂ ਆਪਣੇ ਸਪੌਂਸਰ ਨਾਲ ਰਹਿਣਾ ਬੰਦ ਕਰ ਦਿੱਤਾ ਹੈ ਜਿਹੜਾ ਕਿ ਤੁਹਾਡਾ ਸਪਾਊਸ (ਪਤੀ/ਪਤਨੀ) ਜਾਂ ਕੌਮਨ-ਲਾਅ ਪਾਰਟਨਰ ਹੈ।

ਅਜਿਹਾ ਇਸ ਕਰਕੇ ਹੋ ਸਕਦਾ ਹੈ ਕਿਉਂਕਿ:

- ਤੁਹਾਡੇ ਸਪੌਂਸਰ ਕੋਲ ਹੁਣ ਕਾਫੀ ਪੈਸੇ ਨਹੀਂ ਹਨ,
- ਤੁਹਾਡਾ ਸਪੌਂਸਰ ਤੁਹਾਡੀ ਮਦਦ ਨਹੀਂ ਕਰੇਗਾ ਅਤੇ ਤੁਹਾਨੂੰ ਚਲੇ ਜਾਣ ਲਈ ਕਹਿੰਦਾ ਹੈ, ਜਾਂ
- ਤੁਹਾਡਾ ਸਪੌਂਸਰ ਤੁਹਾਨੂੰ ਛੱਡ ਕੇ ਚਲਾ ਗਿਆ ਹੈ ਅਤੇ ਤੁਹਾਡੀ ਮਦਦ ਨਹੀਂ ਕਰੇਗਾ।

ਅਜਿਹਾ ਇਸ ਕਰਕੇ ਵੀ ਹੋ ਸਕਦਾ ਹੈ ਕਿ ਤੁਸੀਂ ਛੱਡ ਕੇ ਚਲੇ ਗਏ ਹੋ ਕਿਉਂਕਿ:

- ਤੁਹਾਡਾ ਸਪੌਂਸਰ ਤੁਹਾਡੇ ਨਾਲ ਬੁਰਾ ਵਰਤਾਉ ਕਰ ਰਿਹਾ ਹੈ, ਜਾਂ
- ਤੁਹਾਡਾ ਸਪੌਂਸਰ ਤੁਹਾਨੂੰ ਕੋਈ ਅਜਿਹੀ ਚੀਜ਼ ਕਰਨ ਲਈ ਮਜ਼ਬੂਰ ਕਰ ਰਿਹਾ ਹੈ ਜਿਹੜੀ ਨਾਵਾਜਬ ਜਾਂ ਗਲਤ ਹੈ।

ਜੇ ਕੋਲ ਪੈਸੇ ਨਾ ਹੋਣ, ਖਾਸ ਕਰਕੇ ਜੇ ਤੁਹਾਡੇ ਬੱਚੇ ਹੋਣ ਤਾਂ ਇਨ੍ਹਾਂ ਵਿੱਚੋਂ ਕਿਸੇ ਵੀ ਹਾਲਤ ਵਿਚ ਹੋਣਾ ਡਰਾਉਣ ਵਾਲਾ ਹੋ ਸਕਦਾ ਹੈ, ਪਰ ਮਦਦ ਮੌਜੂਦ ਹੈ। ਇਹ ਕਿਤਾਬਚਾ ਦੱਸਦਾ ਹੈ ਕਿ ਕੀ ਕਰਨਾ ਹੈ।

***ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋ ਰਿਹਾ ਹੋਵੇ ਜਾਂ ਤੁਹਾਡੇ ਪ੍ਰਤੀ ਬਹੁਤ ਜ਼ਿਆਦਾ ਅਣਗਹਿਲੀ ਵਰਤੀ ਜਾ ਰਹੀ ਹੋਵੇ ਤਾਂ ਫੌਰਨ ਮਦਦ ਲਉ।*** ਜੇ ਤੁਸੀਂ ਡਰੇ ਹੋਏ ਹੋ ਅਤੇ ਸੋਚਦੇ ਹੋ ਕਿ ਤੁਹਾਨੂੰ, ਤੁਹਾਡੇ ਬੱਚਿਆਂ, ਅਤੇ/ਜਾਂ ਹੋਰਨਾਂ ਨੂੰ ਤੁਹਾਡੇ ਸਪੌਂਸਰ ਤੋਂ ਫੌਰੀ ਖਤਰਾ ਹੈ ਤਾਂ ਤੁਰੰਤ 911 'ਤੇ ਫੋਨ ਕਰਕੇ ਪੁਲੀਸ ਸੱਦੋ। ਕੋਈ ਐਮਰਜੰਸੀ ਰਿਹਾਇਸ਼ (ਸੁਰੱਖਿਅਤ ਘਰ) ਜਾਂ ਟ੍ਰਾਂਜ਼ੀਸ਼ਨ ਹਾਊਸ ਲੱਭਣ ਲਈ, ਜਾਂ ਵਿਕਟਿਮ ਸਰਵਿਸ ਪ੍ਰੋਗਰਾਮ, ਜਾਂ ਕਾਨੂੰਨੀ ਮਦਦ ਲਈ ਭੇਜੇ ਜਾਣ ਲਈ ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਫੋਨ ਕਰੋ।

1 ਜਾਣ-ਪਛਾਣ

1 ਇਹ ਕਿਤਾਬਚਾ ਕਿਹਦੇ ਲਈ ਹੈ?

2 ਇਹ ਕਿਤਾਬਚਾ ਕਿਹਦੇ ਲਈ ਨਹੀਂ ਹੈ

3 ਇਮੀਗਰੇਸ਼ਨ ਸਪੌਂਸਰਸ਼ਿਪ ਅਤੇ ਸਪੌਂਸਰਸ਼ਿਪ ਦਾ ਟੁੱਟਣਾ

3 ਇਮੀਗਰੇਸ਼ਨ ਸਪੌਂਸਰਸ਼ਿਪ ਕੀ ਹੈ?

4 ਕੈਨੇਡਾ ਵਿਚ ਸਪੌਂਸਰ ਕੀਤੇ (ਸੱਦੇ) ਗਏ ਵਿਅਕਤੀ ਦੇ ਤੌਰ 'ਤੇ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

5 ਮੇਰੇ ਹੱਕ ਕੀ ਹਨ ਅਤੇ ਮੈਨੂੰ ਕਿਹੜੇ ਬੈਨੇਫਿਟਸ ਮਿਲ ਸਕਦੇ ਹਨ?

6 ਸਪੌਂਸਰਸ਼ਿਪ ਦਾ ਟੁੱਟਣਾ ਕੀ ਹੈ?

7 ਕੀ ਮੇਰਾ ਸਪੌਂਸਰ ਮੈਨੂੰ ਕੈਨੇਡਾ ਵਿਚੋਂ ਕਢਵਾ ਸਕਦਾ ਹੈ?

8 ਜੇ ਮੇਰੀ ਸਪੌਂਸਰਸ਼ਿਪ ਟੁੱਟ ਜਾਂਦੀ ਹੈ ਤਾਂ ਮੇਰੇ ਨਾਲ ਕੀ ਹੋਵੇਗਾ?

8 ਜੇ ਮੇਰਾ ਸਪੌਂਸਰ ਮੇਰੇ ਨਾਲ ਬੁਰਾ ਵਰਤਾਉ ਕਰ ਰਿਹਾ ਹੋਵੇ ਤਾਂ ਮੈਂ ਮਦਦ ਕਿਵੇਂ ਲੈ ਸਕਦੀ/ਸਕਦਾ ਹਾਂ?

10 ਪੈਸਿਆਂ ਬਾਰੇ ਕੀ ਕਹਿਣਾ ਹੈ?

10 ਮੇਰੇ ਬੱਚਿਆਂ ਅਤੇ ਸਾਡੇ ਘਰ ਦਾ ਕੀ ਹੋਵੇਗਾ?

11 ਮੇਰੇ ਸਪੌਂਸਰ ਨੂੰ ਕੀ ਹੋਵੇਗਾ?

11 ਜ਼ਿਆਦਾ ਜਾਣਕਾਰੀ ਲਈ

13 ਵੈਲਫੇਅਰ ਲਈ ਅਪਲਾਈ ਕਰਨਾ

13 ਜੇ ਮੇਰਾ ਸਪੌਂਸਰ ਮੈਨੂੰ ਨਾ ਸਾਂਭੇ ਤਾਂ ਮੈਂ ਸਹਾਇਤਾ ਲਈ ਕਿੱਥੇ ਜਾ ਸਕਦੀ/ਸਕਦਾ ਹਾਂ?

14 ਮੈਂ ਵੈਲਫੇਅਰ ਕਿਵੇਂ ਲਵਾਂ?

14 ਜੇ ਮੈਂ ਬੁਰੇ ਵਰਤਾਉ ਤੋਂ ਭੱਜ ਰਹੀ/ਰਿਹਾ ਹੋਵਾਂ ਤਾਂ ਕੀ ਹੋਵੇਗਾ?

15 ਜੇ ਮੈਨੂੰ ਪੈਸੇ ਫੌਰਨ ਚਾਹੀਦੇ ਹੋਣ ਤਾਂ ਕੀ ਹੋਵੇਗਾ?

17 ਅਪਲਾਈ ਕਰਨ ਤੋਂ ਪਹਿਲਾਂ

17 ਮਨਿਸਟਰੀ ਨਾਲ ਕਿਵੇਂ ਸੰਪਰਕ ਕਰਨਾ ਹੈ

19 ਜੇ ਮੈਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਨਹੀਂ ਆਉਂਦੀ ਤਾਂ ਕੀ ਹੋਵੇਗਾ?

21 ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ

31 ਜੇ ਮੇਰੇ ਨਾਲ ਬੁਰਾ ਵਰਤਾਉ ਹੋਇਆ ਹੋਵੇ ਤਾਂ ਕੀ ਮੇਰੇ ਸਪੌਂਸਰ ਨਾਲ ਸੰਪਰਕ ਕੀਤਾ ਜਾਣਾ ਜ਼ਰੂਰੀ ਹੈ?

31 ਜੇ ਮੇਰੇ ਇਮੀਗਰੇਸ਼ਨ ਦੇ ਪੇਪਰ ਮੇਰੇ ਸਪੌਂਸਰ ਕੋਲ ਹੋਣ ਤਾਂ ਕੀ ਹੋਵੇਗਾ?

32 ਵੈਲਫੇਅਰ ਲਈ ਮੈਨੂੰ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ?

33 ਕੀ ਮਨਿਸਟਰੀ ਵਾਲੇ ਜਾਣਕਾਰੀ ਚੈੱਕ ਕਰਨ ਲਈ ਮੇਰੇ ਘਰ ਆ ਸਕਦੇ ਹਨ?

34 ਜਦੋਂ ਮੈਨੂੰ ਵੈਲਫੇਅਰ ਮਿਲ ਰਿਹਾ ਹੋਵੇ ਤਾਂ ਕੀ ਹੁੰਦਾ ਹੈ?

34 ਜੇ ਮੈਂ ਵੈਲਫੇਅਰ ਤੇ ਚਲੀ/ਚਲਾ ਜਾਵਾਂ ਤਾਂ ਕੀ ਮੈਂ ਫਿਰ ਵੀ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸਪੌਂਸਰ ਕਰ ਸਕਦੀ/ਸਕਦਾਂ ਹਾਂ?

35 ਜੇ ਮੇਰੀ ਵੈਲਫੇਅਰ ਦੀ ਅਰਜ਼ੀ ਨਾ ਮੰਨੀ ਜਾਵੇ ਤਾਂ ਮੈਂ ਕੀ ਕਰ ਸਕਦੀ/ਸਕਦਾ ਹਾਂ?

36 ਜੇ ਮੇਰੀਆਂ ਸਾਰੀਆਂ ਅਪੀਲਾਂ ਰੱਦ ਹੋ ਜਾਣ ਤਾਂ ਕੀ ਹੋਵੇਗਾ?

37 ਕੌਣ ਮਦਦ ਕਰ ਸਕਦਾ ਹੈ?

37 ਲੀਗਲ ਏਡ ਲਈ ਅਪਲਾਈ ਕਰੋ

38 ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋਇਆ ਹੋਵੇ

39 ਆਪਣੀ ਬੋਲੀ ਵਿਚ ਮਦਦ ਲੱਭੋ

40 ਕਮਿਉਨਟੀ ਦੀਆਂ ਸੰਸਥਾਵਾਂ

49 ਲੀਗਲ ਏਡ ਤੋਂ ਹੋਰ ਮਦਦ

51 ਹੋਰ ਮਦਦ

53 ਸ਼ਬਦਾਂ ਦੀ ਸੂਚੀ




# ਜਾਣ-ਪਛਾਣ

## ਇਹ ਕਿਤਾਬਚਾ ਕਿਹਦੇ ਲਈ ਹੈ?
Who is this booklet for?

ਇਹ ਕਿਤਾਬਚਾ ਤੁਹਾਡੇ ਲਈ ਹੈ ਜੇ:

- ਤੁਸੀਂ ਕੈਨੇਡਾ ਨੂੰ ਕਿਸੇ ਬਾਹਰਲੇ ਦੇਸ਼ ਤੋਂ ਫੈਮਿਲੀ ਕਲਾਸ ਹੇਠ **ਸਪਾਉਸ** (ਪਤੀ/ਪਤਨੀ) ਦੇ ਤੌਰ ’ਤੇ ਆਏ ਹੋ, ਜਾਂ
- ਤੁਹਾਨੂੰ ਸੇਮ ਸੈਕਸ ਜਾਂ ਵਿਰੋਧੀ ਸੈਕਸ ਵਾਲੇ ਸਪਾਉਸ ਜਾਂ **ਕੌਮਨ ਲਾਅ ਪਾਰਟਨਰ** ਨੇ ਉਦੋਂ ਸਪੌਂਸਰ ਕੀਤਾ ਸੀ ਜਦੋਂ ਤੁਸੀਂ ਪਹਿਲਾਂ ਹੀ ਕੈਨੇਡਾ ਵਿਚ ਸੀ। (“ਇਨ-ਕੈਨੇਡਾ” ਸਪੌਂਸਰਸ਼ਿਪ)।

ਤੁਹਾਨੂੰ ਕੈਨੇਡਾ ਵਿਚ ਦਾਖਲ ਹੋਣ ਵੇਲੇ **ਪੱਕੇ ਵਸਨੀਕ** (ਪ੍ਰਮਾਨੈਂਟ ਰੈਜ਼ੀਡੈਂਟ) ਦਾ ਦਰਜਾ ਮਿਲਿਆ ਸੀ ਜਾਂ ਜੇ ਤੁਸੀਂ ਕੈਨੇਡਾ ਵਿਚ ਸੀ ਤਾਂ ਇਮੀਗਰੇਸ਼ਨ ਦੇ ਕਿਸੇ ਦਫਤਰ ਤੋਂ ਮਿਲਿਆ ਸੀ।

ਇਸ ਕਿਤਾਬਚੇ ਵਿਚ, ਅਸੀਂ ਸ਼ਬਦ “ਸਪੌਂਸਰਡ” ਉਸ ਵਿਅਕਤੀ ਲਈ ਵਰਤਿਆ ਹੈ ਜਿਸ ਨੂੰ ਪੱਕੇ ਵਸਨੀਕ ਦਾ ਦਰਜਾ ਪਰਿਵਾਰ ਦੇ ਕਿਸੇ ਮੈਂਬਰ ਤੋਂ ਮਦਦ ਦੇ ਇਕਰਾਰ ਨਾਲ ਮਿਲਿਆ ਹੈ। “ਸਪਾਉਸ” ਸ਼ਬਦ ਦਾ ਮਤਲਬ ਪਤੀ, ਪਤਨੀ, **ਵਿਵਾਹਕ ਪਾਰਟਨਰ**, ਜਾਂ ਉਸੇ ਸੈਕਸ ਜਾਂ ਵਿਰੋਧੀ ਸੈਕਸ ਦਾ ਕੌਮਨ ਲਾਅ ਪਾਰਟਨਰ ਹੈ।

# ਇਹ ਕਿਤਾਬਚਾ ਕਿਹਦੇ ਲਈ ਨਹੀਂ ਹੈ


Who this booklet isn't for

ਇਹ ਕਿਤਾਬਚਾ ਤੁਹਾਡੇ 'ਤੇ ਲਾਗੂ *ਨਹੀਂ ਹੁੰਦਾ* ਜੇ:

- ਤੁਸੀਂ ਕੈਨੇਡਾ ਵਿਚ ਹੋ ਅਤੇ ਆਪਣੇ **ਸਪਾਉਸ** ਜਾਂ **ਕੌਮਨ-ਲਾਅ ਪਾਰਟਨਰ** ਵਲੋਂ ਸਪੌਂਸਰ ਕੀਤੇ ਜਾਣ ਦੇ ਕਾਰਜ ਵਿਚ ਦੀ ਲੰਘ ਰਹੇ ਹੋ (ਦੂਜੇ ਸ਼ਬਦਾਂ ਵਿਚ, ਤੁਹਾਡੇ ਕੋਲ ਅਜੇ ਪੱਕੇ ਵਸਨੀਕ ਦਾ ਦਰਜਾ ਨਹੀਂ ਹੈ),
- ਤੁਸੀਂ ਕੈਨੇਡਾ ਵਿਚ ਰਫਿਊਜੀ ਦੇ ਤੌਰ 'ਤੇ ਜਾਂ ਰਫਿਊਜੀ ਦੇ ਰਿਸ਼ਤੇਦਾਰ ਦੇ ਤੌਰ 'ਤੇ ਆਏ ਸੀ,
- ਤੁਸੀਂ ਬਿਜ਼ਨਸ ਕਲਾਸ ਦੇ ਇਮੀਗਰਾਂਟ ਦੇ ਪਰਿਵਾਰ ਦੇ ਮੈਂਬਰ ਦੇ ਤੌਰ 'ਤੇ ਆਏ ਸੀ,
- ਤੁਸੀਂ ਕੈਨੇਡਾ ਵਿਚ ਕਿਸੇ ਇਮੀਗਰੇਸ਼ਨ ਪ੍ਰੋਗਰਾਮ ਰਾਹੀਂ ਆਏ ਸੀ ਜਿਵੇਂ ਕਿ ਸਕਿਲਡ ਵਰਕਰ ਪ੍ਰੋਗਰਾਮ,
- ਤੁਸੀਂ **ਸਪੌਂਸਰ** ਹੋ, ਜਾਂ
- ਤੁਸੀਂ ਵਿਜ਼ਟਰ ਜਾਂ ਸਟੂਡੈਂਟ ਵੀਜ਼ੇ 'ਤੇ ਹੋ।

ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਿਚ ਹੋ ਤਾਂ ਤੁਹਾਨੂੰ ਕਿਸੇ ਹੋਰ ਸ੍ਰੋਤ ਤੋਂ ਜਾਣਕਾਰੀ ਲੈਣ ਦੀ ਲੋੜ ਹੈ। ਸਫਾ 37 'ਤੇ "ਕੌਣ ਮਦਦ ਕਰ ਸਕਦਾ ਹੈ?" ਦੇਖੋ।

ਇਸ ਕਿਤਾਬਚੇ ਵਿਚ ਦਿੱਤੇ ਗਏ **ਮੋਟੇ** ਅੱਖਰਾਂ ਬਾਰੇ ਸਫਾ 53 'ਤੇ ਸ਼ਬਦਾਂ ਦੀ ਸੂਚੀ ਵਿਚ ਦੱਸਿਆ ਗਿਆ ਹੈ।




# ਇਮੀਗਰੇਸ਼ਨ ਸਪੌਂਸਰਸ਼ਿਪ ਅਤੇ ਸਪੌਂਸਰਸ਼ਿਪ ਦਾ ਟੁੱਟਣਾ

## ਇਮੀਗਰੇਸ਼ਨ ਸਪੌਂਸਰਸ਼ਿਪ ਕੀ ਹੈ?

What is immigration sponsorship?

ਫੈਡਰਲ ਸਰਕਾਰ, **ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ)** ਰਾਹੀਂ ਇਮੀਗਰੇਸ਼ਨ ਸਪੌਂਸਰਸ਼ਿਪਾਂ ਦੀ ਇੰਚਾਰਜ ਹੈ।

ਕੈਨੇਡਾ ਦੇ ਸਿਟੀਜ਼ਨ ਅਤੇ **ਪੱਕੇ ਵਸਨੀਕ,** ਜਿਹੜੇ ਕੈਨੇਡਾ ਵਿਚ ਰਹਿੰਦੇ ਹਨ, ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਆਪਣੇ ਕੋਲ ਕੈਨੇਡਾ ਵਿਚ ਸੱਦਣ ਲਈ ਸਪੌਂਸਰ ਕਰ ਸਕਦੇ ਹਨ।

ਕੋਈ ਵੀ ਯੋਗ ਵਿਅਕਤੀ ਆਪਣੇ ਇਨ੍ਹਾਂ ਰਿਸ਼ਤੇਦਾਰਾਂ ਨੂੰ ਸਪੌਂਸਰ ਕਰ ਸਕਦਾ ਹੈ:

- ਸਪਾਉਸ (ਜਿਸ ਵਿਚ ਪਤੀ, ਪਤਨੀ, ਜਾਂ ਇੱਕੋ ਸੈਕਸ ਜਾਂ ਵਿਰੋਧੀ ਸੈਕਸ ਦੇ ਕੌਮਨ-ਲਾਅ ਪਾਰਟਨਰ ਸ਼ਾਮਲ ਹਨ),
- **ਵਿਵਾਹਿਕ ਸਾਥੀ** (ਕੋਈ ਅਜਿਹਾ ਵਿਅਕਤੀ ਜਿਸ ਨਾਲ ਤੁਹਾਡਾ ਨੇੜੇ ਦਾ, ਆਪਸੀ ਨਿਰਭਰਤਾ ਵਾਲਾ ਅਤੇ ਵਚਨਬੱਧਤਾ ਵਾਲਾ ਸੰਬੰਧ ਹੈ) ਘੱਟੋ ਘੱਟ ਇਕ ਸਾਲ ਤੋਂ,
- **ਨਿਰਭਰ ਬੱਚੇ** (ਕੁੱਖੋਂ ਜੰਮੇ ਜਾਂ ਗੋਦ ਲਏ ਜੋ ਕਿ ਬਾਲਗਪੁਣੇ ਦੀ ਉਮਰ ਤੋਂ ਥੱਲੇ ਹਨ ਜਿਵੇਂ ਕਿ ਸਰਕਾਰ ਨੇ ਤੈਅ ਕੀਤਾ ਹੋਇਆ ਹੈ),
- ਮਾਪੇ ਜਾਂ ਗਰੈਂਡਪੇਰੈਂਟਸ, ਜਾਂ
- ਬਾਲਗਪੁਣੇ ਤੋਂ ਘੱਟ ਉਮਰ ਦਾ ਭਰਾ, ਭੈਣ, ਭਤੀਜਾ/ਭਾਣਜਾ, ਭਤੀਜੀ/ਭਾਣਜੀ, ਜਾਂ ਪੋਤਾ/ਦੋਹਤਾ, ਪੋਤੀ/ਦੋਹਤੀ, ਜਿਹੜੇ ਯਤੀਮ ਹਨ ਅਤੇ ਵਿਆਹੇ ਹੋਏ ਨਹੀਂ ਹਨ ਜਿਵੇਂ ਕਿ ਸਰਕਾਰ ਨੇ ਤੈਅ ਕੀਤਾ ਹੋਇਆ ਹੈ।

ਕੈਨੇਡਾ ਵਿਚ ਕਿਸੇ ਨੂੰ ਸੱਦਣ ਲਈ ਸਪੌਂਸਰ ਕਰਨ ਵਾਲੇ ਵਿਅਕਤੀ ਨੂੰ ਇਕ **ਅੰਡਰਟੇਕਿੰਗ** ’ਤੇ ਦਸਖਤ ਜ਼ਰੂਰ ਕਰਨੇ ਪੈਂਦੇ ਹਨ — ਜੋ ਕਿ ਸੱਦੇ ਜਾਣ ਵਾਲੇ ਵਿਅਕਤੀ ਨੂੰ ਤਿੰਨ ਤੋਂ ਦਸ ਸਾਲਾਂ ਲਈ (ਜੋ ਕਿ ਉਮਰ ਅਤੇ ਰਿਸ਼ਤੇ ’ਤੇ ਨਿਰਭਰ ਕਰਦਾ ਹੈ) ਸਾਂਭਣ ਦਾ ਸਰਕਾਰ ਨਾਲ ਵਾਅਦਾ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਉਸ ਵਿਅਕਤੀ ਨੂੰ ਰੋਟੀ, ਕੱਪੜੇ, ਰਹਿਣ ਲਈ ਥਾਂ ਦੇਣ ਅਤੇ ਹੋਰ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਸਹਿਮਤ ਹੈ। ਸਪੌਂਸਰ ਬੀ ਸੀ ਮੈਡੀਕਲ ਇਨਸ਼ੋਰੈਂਸ (ਮੈਡੀਕਲ ਸਰਵਸਿਜ਼ ਪਲੈਨ) ਲਈ ਫੀਸਾਂ ਅਤੇ ਉਹ ਡਾਕਟਰੀ ਖਰਚੇ ਦੇਣ ਲਈ ਵੀ ਸਹਿਮਤ ਹੁੰਦਾ ਹੈ ਜਿਹੜੇ ਮੈਡੀਕਲ ਸਰਵਿਸਿਜ਼ ਪਲੈਨ ਵਲੋਂ ਕਵਰ ਨਹੀਂ ਹਨ, ਜਿਵੇਂ ਕਿ ਦੰਦਾਂ ਜਾਂ ਅੱਖਾਂ ਦਾ ਇਲਾਜ।

## ਕੈਨੇਡਾ ਵਿਚ ਸਪੌਂਸਰ ਕੀਤੇ (ਸੱਦੇ) ਗਏ ਵਿਅਕਤੀ ਦੇ ਤੌਰ ’ਤੇ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

What are my responsibilities as a sponsored person in Canada?

ਜੇ ਤੁਹਾਨੂੰ ਕੋਈ ਰਿਸ਼ਤੇਦਾਰ ਸਪੌਂਸਰ ਕਰਦਾ ਹੈ ਤਾਂ ਤੁਹਾਨੂੰ ਸਪੌਂਸਰ ਨਾਲ ਇਕ “ਸਪੌਂਸਰਸ਼ਿਪ ਐਗਰੀਮੈਂਟ” ’ਤੇ ਦਸਖਤ ਜ਼ਰੂਰ ਕਰਨੇ ਪੈਣਗੇ। ਤੁਹਾਨੂੰ ਸਰਕਾਰ ਤੋਂ ਪੈਸੇ ਮੰਗਣ ਤੋਂ ਪਹਿਲਾਂ ਆਪਣਾ ਗੁਜ਼ਾਰਾ ਆਪ ਕਰਨ ਦੀ ਕੋਸ਼ਿਸ਼ ਕਰਨ ਅਤੇ ਆਪਣੇ ਸਪੌਂਸਰ ਤੋਂ ਸਹਾਇਤਾ ਮੰਗਣ ਲਈ ਜ਼ਰੂਰ ਸਹਿਮਤ ਹੋਣਾ ਪਵੇਗਾ।

ਇਕ ਪੱਕੇ ਵਸਨੀਕ ਵਜੋਂ ਆਪਣਾ ਪੱਕੇ ਵਸਨੀਕ ਦਾ ਦਰਜਾ ਰੱਖਣ ਲਈ ਤੁਸੀਂ ਹਰ ਪੰਜ ਸਾਲਾਂ ਵਿਚ ਤਿੰਨ ਸਾਲਾਂ ਤੋਂ ਜ਼ਿਆਦਾ ਸਮੇਂ ਲਈ ਕੈਨੇਡਾ ਤੋਂ ਬਾਹਰ ਨਹੀਂ ਰਹਿ ਸਕਦੇ।

ਤੁਹਾਡੇ ਲਈ ਕੈਨੇਡਾ ਦੇ ਕਾਨੂੰਨਾਂ ਨੂੰ ਮੰਨਣਾ ਜ਼ਰੂਰੀ ਹੈ। ਉਦਾਹਰਣ ਲਈ, ਜੇ ਤੁਸੀਂ ਕੈਨੇਡਾ ਵਿਚ ਕੋਈ ਗੰਭੀਰ ਮੁਜਰਮਾਨਾ ਜੁਰਮ ਲਈ ਦੋਸ਼ੀ ਪਾਏ ਜਾਂਦੇ ਹੋ ਜਾਂ ਜੇ ਤੁਸੀਂ ਪੰਜ ਸਾਲਾਂ ਵਿਚ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਲਈ ਕੈਨੇਡਾ ਤੋਂ ਬਾਹਰ ਰਹਿੰਦੇ ਹੋ, ਜਾਂ ਜੇ ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੂੰ ਇਹ ਪਤਾ ਲੱਗਦਾ ਹੈ ਕਿ ਤੁਸੀਂ ਇਮੀਗਰੇਸ਼ਨ ਦੀ ਆਪਣੀ ਅਰਜ਼ੀ ਵਿਚ ਗਲਤ ਬਿਆਨੀ ਕੀਤੀ ਹੈ ਤਾਂ ਤੁਸੀਂ ਕੈਨੇਡਾ ਵਿਚ ਰਹਿਣ ਦਾ ਆਪਣਾ ਹੱਕ ਗੁਆ ਬੈਠੋਗੇ।

# ਮੇਰੇ ਹੱਕ ਕੀ ਹਨ ਅਤੇ ਮੈਨੂੰ ਕਿਹੜੇ ਬੈਨੇਫਿਟਸ ਮਿਲ ਸਕਦੇ ਹਨ?

What are my rights and benefits?

ਸਪੌਂਸਰ ਕੀਤੇ ਗਏ ਵਿਅਕਤੀ ਵਜੋਂ ਤੁਹਾਨੂੰ ਕੈਨੇਡਾ ਵਿਚ ਰਹਿਣ ਅਤੇ ਕੰਮ ਕਰਨ ਦਾ ਹੱਕ ਹੈ ਅਤੇ ਤੁਸੀਂ ਕੁਝ ਬੈਨੇਫਿਟਸ ਲੈਣ ਦੇ ਹੱਕਦਾਰ ਵੀ ਹੋ ਸਕਦੇ ਹੋ, ਜਿਵੇਂ ਕਿ:

- ਇਮਪਲੌਏਮੈਂਟ ਇਨਸ਼ੋਰੈਂਸ (Employment Insurance),
- ਵਰਕਸੇਫ ਬੀ ਸੀ ਬੈਨੇਫਿਟਸ (WorkSafeBC benefits),
- ਕੈਨੇਡਾ ਚਾਇਲਡ ਟੈਕਸ ਬੈਨੇਫਿਟ (Canada Child Tax Benefit), ਅਤੇ
- ਬੀ ਸੀ ਫੈਮਿਲੀ ਬੋਨਸ (BC Family Bonus)।

ਕੈਨੇਡਾ ਵਿਚ ਹਰ ਇਕ ਨੂੰ, ਕੈਨੇਡਾ ਦੇ ਕਾਨੂੰਨਾਂ ਅਧੀਨ ਸੁਰੱਖਿਆ ਦਾ ਹੱਕ ਹੈ ਭਾਵੇਂ ਉਸ ਦਾ ਇਮੀਗਰੇਸ਼ਨ ਦਰਜਾ ਕੋਈ ਵੀ ਹੋਵੇ। ਇਸ ਵਿਚ ਇਨ੍ਹਾਂ ਚੀਜ਼ਾਂ ਦੇ *ਖਿਲਾਫ* ਕਾਨੂੰਨ ਸ਼ਾਮਲ ਹਨ:

- ਕਿਸੇ ਵੀ ਖਿਲਾਫ ਹਿੰਸਾ ਕਰਨਾ ਜਿਸ ਵਿਚ ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਾਮਲ ਹਨ,
- ਨਾਵਾਜਬ ਤਨਖਾਹ ਦੇਣਾ,
- ਕੰਮ ’ਤੇ ਅਣਸੁਰੱਖਿਅਤ ਹਾਲਤਾਂ,
- ਕੰਮ ਦੇਣ ਵਿਚ ਵਿਤਕਰਾ, ਅਤੇ
- ਸਰਕਾਰੀ ਸੇਵਾਵਾਂ ਦੇਣ ਵਿਚ ਵਿਤਕਰਾ।

ਇਨ੍ਹਾਂ ਹੱਕਾਂ ਅਤੇ ਬੈਨੇਫਿਟਸ (ਭੱਤਿਆਂ) ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, 40 – 48 ਸਫਿਆਂ ’ਤੇ ਦਰਜ ਕਮਿਉਨਟੀ ਗਰੁੱਪਾਂ ਵਿਚੋਂ ਕਿਸੇ ਤੋਂ **ਐਡਵੋਕੇਟ** ਜਾਂ ਕਮਿਉਨਟੀ ਵਰਕਰ ਬਾਰੇ ਪੁੱਛੋ।

# ਸਪੌਂਸਰਸ਼ਿਪ ਦਾ ਟੁੱਟਣਾ ਕੀ ਹੈ?

What is sponsorship breakdown?

ਸਪੌਂਸਰਸ਼ਿਪ ਦਾ ਟੁੱਟਣਾ (ਬਰੇਕਡਾਊਨ) ਉਸ ਹਾਲਤ ਨੂੰ ਕਹਿੰਦੇ ਹਨ ਜਦੋਂ ਤੁਹਾਡਾ ਸਪੌਂਸਰ ਤੁਹਾਡੀਆਂ ਕੁਝ ਜਾਂ ਸਾਰੀਆਂ ਮੁਢਲੀਆਂ ਲੋੜਾਂ, ਜਿਵੇਂ ਰੋਟੀ, ਰਿਹਾਇਸ਼, ਕੱਪੜੇ, ਜਾਂ ਡਾਕਟਰੀ ਇਲਾਜ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ ਜਾਂ ਨਹੀਂ ਕਰਦਾ, ਅਤੇ ਤੁਸੀਂ ਆਪਣੀਆਂ ਅਤੇ/ਜਾਂ ਆਪਣੇ ’ਤੇ ਨਿਰਭਰ ਵਿਅਕਤੀਆਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰਥ ਨਹੀਂ। ਸਪੌਂਸਰਸ਼ਿਪ ਟੁੱਟਣ ਦੀਆਂ ਕੁਝ ਉਦਾਹਰਣਾਂ ਇਹ ਹਨ, ਜਦੋਂ ਤੁਹਾਡਾ ਸਪੌਂਸਰ:

- ਤੁਹਾਨੂੰ ਸਾਂਭਣਾ ਚਾਹੁੰਦਾ ਹੈ ਪਰ ਉਸ ਕੋਲ ਸਾਂਭਣ ਲਈ ਹੁਣ ਪੈਸੇ ਨਹੀਂ ਹਨ;
- ਤੁਹਾਨੂੰ ਘਰ ਵਿਚ ਰਹਿਣ ਦੀ ਆਗਿਆ ਦਿੰਦਾ ਹੈ, ਪਰ ਤੁਹਾਡੀ ਰੋਟੀ, ਕੱਪੜਿਆਂ ਜਾਂ ਡਾਕਟਰੀ ਲੋੜਾਂ ਲਈ ਖਰਚਾ ਨਹੀਂ ਦਿੰਦਾ;
- ਕਹਿੰਦਾ ਹੈ ਕਿ ਤੁਸੀਂ ਘਰ ਵਿੱਚੋਂ ਚਲੇ ਜਾਵੋ ਅਤੇ ਤੁਹਾਨੂੰ ਸਾਂਭਣ ਤੋਂ ਨਾਂਹ ਕਰਦਾ ਹੈ;
- ਤੁਹਾਨੂੰ ਛੱਡ ਜਾਂਦਾ ਹੈ ਅਤੇ ਹੁਣ ਤੁਹਾਡੀ ਮਦਦ ਨਹੀਂ ਕਰਦਾ; ਜਾਂ
- ਤੁਹਾਡੇ ਵਲੋਂ ਘਰ ਛੱਡ ਕੇ ਜਾਣ ਤੋਂ ਬਾਅਦ ਤੁਹਾਡੀ ਮਦਦ ਕਰਨ ਤੋਂ ਨਾਂਹ ਕਰਦਾ ਹੈ (ਉਦਾਹਰਣ ਲਈ, ਜੇ ਰਿਸ਼ਤਾ ਨਾ ਨਿਭ ਰਿਹਾ ਹੋਵੇ)।

ਕਦੇ ਕਦੇ ਸਪੌਂਸਰ ਤੁਹਾਡੇ ਨਾਲ ਇੰਨਾ ਮਾੜਾ ਵਰਤਾਉ ਕਰਦਾ ਹੈ ਕਿ ਤੁਹਾਨੂੰ ਘਰ ਛੱਡ ਕੇ ਜਾਣਾ ਪੈਂਦਾ ਹੈ, ਭਾਵੇਂ ਕਿ ਉਸ ਨੇ ਤੁਹਾਨੂੰ ਜਾਣ ਲਈ ਨਹੀਂ ਕਿਹਾ ਹੁੰਦਾ। ਉਦਾਹਰਣ ਲਈ, ਤੁਸੀਂ ਆਪਣੇ ਸਪੌਂਸਰ ਨੂੰ ਛੱਡ ਕੇ ਜਾਣ ਦਾ ਫੈਸਲਾ ਕਰ ਸਕਦੇ ਹੋ ਜੇ ਉਹ:

- ਤੁਹਾਡੇ ਨਾਲ ਬੁਰਾ ਵਰਤਾਉ ਕਰ ਰਿਹਾ ਹੈ (ਸਫਾ 7 ਦੇਖੋ), ਜਾਂ
- ਗੈਰਵਾਜਬ ਮੰਗਾਂ ਕਰਦਾ ਹੈ, ਜਿਵੇਂ ਕਿ ਤੁਹਾਨੂੰ ਆਪਣੇ ਲਈ ਬਿਨਾਂ ਪੈਸੇ ਤੋਂ ਕੰਮ ਕਰਨ, ਜਾਂ ਕਿਸੇ ਗੈਰਕਾਨੂੰਨੀ ਸਰਗਰਮੀ ਦਾ ਹਿੱਸਾ ਬਣਾਉਣ ਲਈ ਮਜ਼ਬੂਰ ਕਰਨਾ (ਉਦਾਹਰਣ ਲਈ, ਵੇਸਵਾਪੁਣਾ ਜਾਂ ਨਸ਼ੇ ਵੇਚਣਾ)।

ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਿਚ ਹੋ ਤਾਂ ਇਹ ਵੀ ਸਪੌਂਸਰਸ਼ਿਪ ਦਾ ਟੁੱਟਣਾ ਹੈ। (ਜੇ ਤੁਹਾਡਾ ਸਪੌਂਸਰ ਤੁਹਾਡੇ ਨਾਲ ਬੁਰਾ ਵਰਤਾਉ ਕਰ ਰਿਹਾ ਹੋਵੇ ਤਾਂ ਮਦਦ ਲੈਣ ਬਾਰੇ ਸਫਾ 8 ਦੇਖੋ।)

*ਜੇ ਤੁਹਾਡਾ ਰਿਸ਼ਤਾ ਟੁੱਟ ਗਿਆ ਹੋਵੇ ਅਤੇ ਤੁਸੀਂ ਪੱਕੇ ਵਸਨੀਕ ਨਾ ਹੋਵੋ ਤਾਂ ਛੇਤੀ ਤੋਂ ਛੇਤੀ ਕਾਨੂੰਨੀ ਮਦਦ ਲਵੋ।*

**ਬੁਰਾ ਵਰਤਾਉ,** ਸਰੀਰਕ, ਜਜ਼ਬਾਤੀ ਜਾਂ ਮੂੰਹ-ਜ਼ਬਾਨੀ, ਮਾਨਸਿਕ, ਕਾਮੁਕ, ਅਤੇ/ਜਾਂ ਮਾਇਕ ਹੋ ਸਕਦਾ ਹੈ। ਉਦਾਹਰਣ ਲਈ, ਬੁਰਾ ਵਰਤਾਉ ਕਰਨ ਵਾਲਾ ਤੁਹਾਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾ ਸਕਦਾ ਹੈ, ਧਮਕੀਆਂ ਦੇ ਸਕਦਾ ਹੈ ਜਾਂ ਤੁਹਾਡੇ ਨਾਲ ਉੱਚਾ ਬੋਲ ਕੇ ਤੁਹਾਨੂੰ ਡਰਾ ਸਕਦਾ ਹੈ। ਉਹ ਤੁਹਾਡਾ ਪਿੱਛਾ ਕਰ ਸਕਦਾ ਹੈ, ਤੁਹਾਨੂੰ ਸੰਭੋਗ ਕਰਨ ਲਈ ਮਜ਼ਬੂਰ ਕਰ ਸਕਦਾ ਹੈ, ਜਾਂ ਤੁਹਾਡੇ ਵਲੋਂ ਕੀਤੀ ਜਾਣ ਵਾਲੀ ਹਰ ਚੀਜ਼ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

ਬੁਰਾ ਵਰਤਾਉ ਕਰਨ ਵਾਲਾ ਆਪਣੇ ਪਾਰਟਨਰ ਉੱਪਰ ਤਾਕਤ ਅਤੇ ਕੰਟਰੋਲ ਹਾਸਲ ਕਰਨ ਲਈ ਧਮਕੀਆਂ ਅਤੇ ਹਿੰਸਾ ਦੀ ਵਰਤੋਂ ਕਰਦਾ ਹੈ। ਅਕਸਰ ਬੁਰਾ ਵਰਤਾਉ ਕਰਨ ਵਾਲਾ ਕਸੂਰ ਪੀੜਤ ਦਾ ਕੱਢਦਾ ਹੈ। ਇਹ ਗੱਲ ਯਾਦ ਰੱਖੋ ਕਿ ਤੁਹਾਡੇ ਨਾਲ ਬੁਰਾ ਵਰਤਾਉ ਤੁਹਾਡੀ ਗਲਤੀ ਨਹੀਂ ਹੈ।

# ਕੀ ਮੇਰਾ ਸਪੌਂਸਰ ਮੈਨੂੰ ਕੈਨੇਡਾ ਵਿਚੋਂ ਕਢਵਾ ਸਕਦਾ ਹੈ?

Can my sponsor make me leave Canada?

ਨਹੀਂ। ਤੁਹਾਡਾ ਸਪੌਂਸਰ ਤੁਹਾਨੂੰ ਕੈਨੇਡਾ ਵਿੱਚੋਂ ਕਢਵਾ ਨਹੀਂ ਸਕਦਾ, ਭਾਵੇਂ ਉਸ ਨਾਲ ਤੁਹਾਡੀ ਸਮੱਸਿਆ ਕਿਸ ਤਰ੍ਹਾਂ ਦੀ ਵੀ ਹੋਵੇ। ਜੇ ਤੁਹਾਡਾ ਸਪੌਂਸਰ ਤੁਹਾਨੂੰ ਜਾਣ ਲਈ ਕਹਿੰਦਾ ਹੈ ਤਾਂ ਤੁਹਾਨੂੰ ਜਾਣ ਦੀ ਲੋੜ ਨਹੀਂ ਹੈ। ਜੇ ਤੁਹਾਡਾ ਸਪਾਉਸ ਜਾਣ ਲਈ ਤੁਹਾਡੇ 'ਤੇ ਦਬਾਅ ਪਾ ਰਿਹਾ ਹੋਵੇ ਤਾਂ 40 – 48 ਸਫਿਆਂ 'ਤੇ ਦਿੱਤੇ ਗਰੁੱਪਾਂ ਵਿਚੋਂ ਕਿਸੇ ਨਾਲ ਸੰਪਰਕ ਕਰੋ। ਕੇਵਲ ਕੈਨੇਡਾ ਇਮੀਗਰੇਸ਼ਨ ਦੇ ਅਧਿਕਾਰੀ ਹੀ ਕਿਸੇ ਵਿਅਕਤੀ ਨੂੰ ਦੇਸ਼ ਛੱਡਣ ਦਾ ਹੁਕਮ ਦੇ ਸਕਦੇ ਹਨ। ਅਜਿਹਾ ਸਿਰਫ ਇਮੀਗਰੇਸ਼ਨ ਦੀ ਇਕ ਸੁਣਵਾਈ ਤੋਂ ਬਾਅਦ ਹੀ ਹੋ ਸਕਦਾ ਹੈ। ਤੁਹਾਨੂੰ ਸਿਰਫ ਇਸ ਕਰਕੇ ਹੀ ਦੇਸ਼ ਛੱਡਣ ਦਾ ਹੁਕਮ ਨਹੀਂ ਦਿੱਤਾ ਜਾਵੇਗਾ ਕਿਉਂਕਿ ਤੁਹਾਡੀ ਸਪੌਂਸਰਸ਼ਿਪ ਟੁੱਟ ਗਈ ਹੈ ਜਾਂ ਤੁਹਾਡਾ ਸਪੌਂਸਰ ਚਾਹੁੰਦਾ ਹੈ ਕਿ ਤੁਸੀਂ ਚਲੇ ਜਾਵੋ।

# ਜੇ ਮੇਰੀ ਸਪੌਂਸਰਸ਼ਿਪ ਟੁੱਟ ਜਾਂਦੀ ਹੈ ਤਾਂ ਮੇਰੇ ਨਾਲ ਕੀ ਹੋਵੇਗਾ?

What will happen to me if my sponsorship breaks down?

ਜੇ ਤੁਹਾਡੇ ਕੋਲ ਪਹਿਲਾਂ ਹੀ ਪੱਕੇ ਵਸਨੀਕ ਦਾ ਦਰਜਾ ਹੈ ਤਾਂ ਜੇ ਤੁਹਾਡੀ ਸਪੌਂਸਰਸ਼ਿਪ ਟੁੱਟ ਜਾਂਦੀ ਹੈ ਤਾਂ ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਵਾਲੇ ਤੁਹਾਡੇ (ਜਾਂ ਤੁਹਾਡੇ ਬੱਚਿਆਂ ਦੇ) ਖਿਲਾਫ ਕੋਈ ਕਾਰਵਾਈ ਨਹੀਂ ਕਰਨਗੇ। ਤੁਹਾਨੂੰ ਦੇਸ਼ ਨਿਕਾਲਾ *ਨਹੀਂ ਦਿੱਤਾ* ਜਾਵੇਗਾ। ਤੁਹਾਡੇ ਸਾਰੇ ਹੱਕ ਅਤੇ ਬੈਨੇਫਿਟਸ ਕਾਇਮ ਰਹਿੰਦੇ ਹਨ। ਪੱਕੇ ਵਸਨੀਕ ਵਜੋਂ ਤੁਹਾਡਾ ਦਰਜਾ ਨਹੀਂ ਖੋਹਿਆ ਜਾਵੇਗਾ ਭਾਵੇਂ ਤੁਹਾਨੂੰ ਆਪਣੀਆਂ ਮੁਢਲੀਆਂ ਲੋੜਾਂ ਲਈ ਪੈਸਿਆਂ ਲਈ ਅਪਲਾਈ ਕਰਨਾ ਪਵੇ (ਜਿਸ ਨੂੰ ਵੈਲਫੇਅਰ ਆਖਿਆ ਜਾਂਦਾ ਹੈ)।

(ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਵਾਲੇ ਕਿਸੇ ਵੀ ਉਸ ਵਿਅਕਤੀ ਵਿਰੁੱਧ ਕਾਰਵਾਈ ਕਰਨਗੇ ਜੇ ਉਹ ਇਹ ਯਕੀਨ ਕਰਨ ਕਿ ਕਿਸੇ ਨੇ ਆਪਣੀ ਇਮੀਗਰੇਸ਼ਨ ਦੀ ਅਰਜ਼ੀ ਵਿਚ ਗਲਤ ਤੱਥ ਦਿੱਤੇ ਹਨ।)

**28 ਅਪਰੈਲ, 2017 ਤੋਂ ਪਹਿਲਾਂ, ਪੱਕੇ ਵਸਨੀਕ ਦੇ ਕੁਝ ਦਰਜੇ *ਸ਼ਰਤਾਂ* ਨਾਲ ਸਨ। ਸ਼ਰਤਾਂ ਨਾਲ ਪੱਕੇ ਵਸਨੀਕ ਦਾ ਦਰਜਾ ਆਪਣੇ ਸਪੌਂਸਰ ਨਾਲ ਦੋ ਸਾਲ ਰਹਿਣ ਦੀ ਮੰਗ ਕਰਦਾ ਸੀ। 28 ਅਪਰੈਲ, 2017 ਨੂੰ ਕੈਨੇਡਾ ਦੀ ਸਰਕਾਰ ਨੇ ਇਹ ਸ਼ਰਤ ਹਟਾ ਦਿੱਤੀ। ਇਹ ਤਬਦੀਲੀ ਫੌਰਨ ਸ਼ਰਤਾਂ ਨਾਲ ਦਰਜੇ ਵਾਲੇ ਕਿਸੇ ਵੀ ਵਿਅਕਤੀ ’ਤੇ ਅਤੇ ਉਸ ਤਾਰੀਕ ਤੋਂ ਬਾਅਦ ਸਪੌਂਸਰ ਕੀਤੇ ਜਾਣ ਵਾਲਿਆਂ ’ਤੇ ਲਾਗੂ ਹੋ ਗਈ।**

**ਜੇ ਤੁਸੀਂ ਪੱਕੇ ਵਸਨੀਕ ਹੋਵੋ ਅਤੇ ਜੇ ਤੁਸੀਂ ਆਪਣੇ ਸਪਾਉਸ ਤੋਂ ਅਲੱਗ ਹੋ ਜਾਵੋ ਤਾਂ ਇਮੀਗਰੇਸ਼ਨ ਦੇ ਅਧਿਕਾਰੀ ਤੁਹਾਨੂੰ ਕੈਨੇਡਾ ਛੱਡ ਕੇ ਜਾਣ ਲਈ ਨਹੀਂ ਕਹਿਣਗੇ (ਜੇ ਉਹ ਇਹ ਯਕੀਨ ਨਾ ਕਰਨ ਕਿ ਤੁਹਾਡਾ ਵਿਆਹ ਅਸਲੀ ਨਹੀਂ ਸੀ)।**

# ਜੇ ਮੇਰਾ ਸਪੌਂਸਰ ਮੇਰੇ ਨਾਲ ਬੁਰਾ ਵਰਤਾਉ ਕਰ ਰਿਹਾ ਹੋਵੇ ਤਾਂ ਮੈਂ ਮਦਦ ਕਿਵੇਂ ਲੈ ਸਕਦੀ/ਸਕਦਾ ਹਾਂ?

How can I get help if my sponsor is abusing me?

ਜੇ ਤੁਹਾਨੂੰ ਖਤਰਾ ਹੈ ਤਾਂ 911 ਨੂੰ ਫੋਨ ਕਰਕੇ ਪੁਲੀਸ ਸੱਦੋ। ਜੇ ਤੁਸੀਂ ਬੀ ਸੀ ਦੇ ਉਨ੍ਹਾਂ ਕੁੱਝ ਇਲਾਕਿਆਂ ਵਿਚ ਰਹਿੰਦੇ ਹੋ ਜਿੱਥੇ 911 ਦੀ ਸਰਵਿਸ ਨਹੀਂ ਹੈ ਤਾਂ ਆਪਣੀ ਸਥਾਨਕ ਐਮਰਜੰਸੀ ਪੁਲੀਸ ਜਾਂ ਆਰ ਸੀ ਐੱਮ ਪੀ ਨੂੰ ਫੋਨ ਕਰੋ। ਤੁਸੀਂ ਆਪਣੇ ਸਥਾਨਕ ਮਿਊਂਸਪਲ ਦਫਤਰ ਨੂੰ ਫੋਨ ਕਰਕੇ ਵੀ ਨੰਬਰ ਪੁੱਛ ਸਕਦੇ ਹੋ।

ਜੇ ਤੁਸੀਂ ਕਿਸੇ ਫੌਰੀ ਖਤਰੇ ਵਿਚ ਨਾ ਵੀ ਹੋਵੋ ਪਰ ਜੇ ਤੁਹਾਡਾ ਸਪੌਂਸਰ ਤੁਹਾਨੂੰ ਦਬਕਾ ਜਾਂ ਡਰਾ ਰਿਹਾ ਹੈ ਤਾਂ ਤੁਹਾਨੂੰ ਛੇਤੀ ਤੋਂ ਛੇਤੀ ਮਦਦ ਲੈਣ ਦੀ ਲੋੜ ਹੈ। ਜੇ ਕੋਈ ਤੁਹਾਨੂੰ ਨੁਕਸਾਨ ਪਹੁੰਚਾ ਰਿਹਾ ਹੈ ਜਾਂ ਡਰਾ ਰਿਹਾ ਹੈ ਤਾਂ ਤੁਹਾਨੂੰ ਉਸ ਨੂੰ ਛੱਡ ਕੇ ਜਾਣ ਦਾ ਹੱਕ ਹੈ, ਭਾਵੇਂ ਇਸ ਵਿਅਕਤੀ ਨੇ ਤੁਹਾਨੂੰ ਸਪੌਂਸਰ ਹੀ ਕਿਉਂ ਨਾ ਕੀਤਾ ਹੋਵੇ। ਜੇ ਤੁਹਾਡਾ ਸਪੌਂਸਰ ਤੁਹਾਡਾ ਸਪਾਊਸ (ਪਤੀ/ਪਤਨੀ) ਹੈ ਤਾਂ ਵੀ ਤੁਹਾਨੂੰ ਆਪਣਾ ਰਿਸ਼ਤਾ ਖਤਮ ਕਰਨ ਦਾ ਹੱਕ ਹੈ।

**ਬੁਰਾ ਵਰਤਾਉ** ਕਰਨਾ ਕੈਨੇਡਾ ਵਿਚ ਕਾਨੂੰਨ ਦੇ ਵਿਰੁੱਧ ਹੈ। ਤੁਹਾਨੂੰ ਸੁਰੱਖਿਅਤ ਰਹਿਣ ਦਾ ਹੱਕ ਹੈ। ਜੇ ਤੁਹਾਡੇ, ਤੁਹਾਡੇ ਬੱਚਿਆਂ, ਜਾਂ ਤੁਹਾਡੇ ਨਾਲ ਰਹਿੰਦੇ ਕਿਸੇ ਹੋਰ ਰਿਸ਼ਤੇਦਾਰ ਨਾਲ ਤੁਹਾਡਾ ਸਪੌਂਸਰ ਬੁਰਾ ਵਰਤਾਉ ਕਰ ਰਿਹਾ ਹੋਵੇ ਤਾਂ ਮਦਦ ਲੈਣਾ ਜ਼ਰੂਰੀ ਹੈ।

ਹੋਰਨਾਂ ਨੂੰ ਬੁਰੇ ਵਰਤਾਉ ਬਾਰੇ ਦੱਸਣਾ ਅਤੇ ਇਸ ਦਾ ਰਿਕਾਰਡ ਰੱਖਣ ਲਈ ਕਹਿਣਾ ਯਾਦ ਰੱਖੋ। ਇਸ ਵਿਚ ਡਾਕਟਰ, ਪੁਲੀਸ, ਸ਼ੈਲਟਰ ਦੇ ਸਟਾਫ ਜਾਂ ਭਰੋਸੇਯੋਗ ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨਾਲ ਗੱਲ ਕਰਨਾ ਸ਼ਾਮਲ ਹੈ। ਸਰਕਾਰੀ ਵਰਕਰਾਂ ਨਾਲ ਗੱਲ ਕਰਨ ਵੇਲੇ ਇਨ੍ਹਾਂ ਕਿਸਮਾਂ ਦੇ ਰਿਕਾਰਡ ਮਹੱਤਵਪੂਰਨ ਹੁੰਦੇ ਹਨ।

ਸੁਰੱਖਿਅਤ ਥਾਂਵਾਂ ਹਨ ਜਿੱਥੇ ਤੁਸੀਂ ਜਾ ਸਕਦੇ ਹੋ। ਤੁਸੀਂ ਅਤੇ (ਤੁਹਾਡੇ ਬੱਚੇ) ਉਤਨਾ ਚਿਰ ਕਿਸੇ ਐਮਰਜੰਸੀ ਸ਼ੈਲਟਰ (ਐਮਰਜੰਸੀ ਘਰ) ਜਾਂ ਕਿਸੇ ਟ੍ਰਾਂਜ਼ੀਸ਼ਨ ਹਾਊਸ ਵਿਚ ਰਹਿ ਸਕਦੇ ਹੋ ਜਦ ਤੱਕ ਤੁਹਾਨੂੰ ਰਹਿਣ ਲਈ ਹੋਰ ਬਿਹਤਰ ਥਾਂ ਨਹੀਂ ਮਿਲ ਜਾਂਦੀ। ਇਹ ਥਾਂਵਾਂ ਮੁਫਤ ਹਨ। ਸ਼ੈਲਟਰ ਅਤੇ ਟਰਾਂਜੀਸ਼ਨ ਹਾਊਸ ਉਨ੍ਹਾਂ ਲੋਕਾਂ ਲਈ ਰਹਿਣ ਲਈ ਆਰਜ਼ੀ ਥਾਂ ਅਤੇ ਸਹਾਇਤਾ ਕਰਨ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ (ਨਿਰਭਰ ਬੱਚਿਆਂ ਦੇ ਨਾਲ ਜਾਂ ਬਿਨਾਂ) ਜਿਨ੍ਹਾਂ ਨੂੰ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ ਜਾ ਜਿਨ੍ਹਾਂ ਨੂੰ ਹਿੰਸਾ ਦਾ ਖਤਰਾ ਹੈ।

ਆਪਣੇ ਸਪੌਂਸਰ ਨੂੰ ਛੱਡ ਕੇ ਜਾਣਾ ਬਹੁਤ ਔਖਾ ਹੋ ਸਕਦਾ ਹੈ: ਤੁਹਾਨੂੰ ਆਪਣੇ ਸਪਾਊਸ ਤੋਂ ਜਾਂ ਸਰਕਾਰ, ਪੁਲੀਸ, ਆਪਣੇ ਪਰਿਵਾਰ ਜਾਂ ਆਪਣੇ ਭਾਈਚਾਰੇ ਤੋਂ ਡਰ ਲੱਗ ਸਕਦਾ ਹੈ। ਅਤੇ ਤੁਸੀਂ ਕਿਸੇ ਅਜਿਹੀ ਥਾਂ ਤੋਂ ਆਏ ਹੋ ਸਕਦੇ ਹੋ ਜਿੱਥੇ ਮਰਦ ਹੀ ਨਿਯਮ ਬਣਾਉਂਦੇ ਹਨ। ਪਰ ਬਹੁਤ ਸਾਰੇ ਲੋਕ ਹਨ ਜਿਹੜੇ ਮਦਦ ਕਰ ਸਕਦੇ ਹਨ:

- ਰਹਿਣ ਲਈ ਸੁਰੱਖਿਅਤ ਥਾਂ ਲੱਭਣ ਲਈ, ਵਿਕਟਮਲਿੰਕ ਬੀ ਸੀ ਨੂੰ **1-800-563-0808** ’ਤੇ ਫੋਨ ਕਰੋ (ਸਫਾ 38 ਵੀ ਦੇਖੋ)। ਤੁਸੀਂ ਪੁਲੀਸ ਨੂੰ ਵੀ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਕਿਸੇ ਸ਼ੈਲਟਰ ਜਾਂ ਟ੍ਰਾਂਜ਼ੀਸ਼ਨ ਹਾਊਸ ਜਾਂ ਕਿਸੇ ਹੋਰ ਸੁਰੱਖਿਅਤ ਥਾਂ ’ਤੇ ਲੈ ਕੇ ਜਾਵੇ।

- ਸਪਾਉਸ ਨੂੰ ਤੁਹਾਡੇ ਨਾਲ ਸੰਪਰਕ ਕਰਨ ਤੋਂ ਰੋਕਣ ਲਈ ਉਸ ਦੇ (ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ) ਖਿਲਾਫ ਪ੍ਰੋਟੈਕਸ਼ਨ ਆਰਡਰ ਲੈਣ ਵਿਚ ਮਦਦ ਲਈ ਅਪਲਾਈ ਕਰਨ ਲਈ ਲੀਗਲ ਏਡ ਬੀ ਸੀ ਨੂੰ ਫੋਨ ਕਰੋ। ਲੀਗਲ ਏਡ ਲਈ ਕਿਵੇਂ ਅਪਲਾਈ ਕਰਨਾ ਹੈ ਬਾਰੇ ਜਾਣਨ ਲਈ ਸਫਾ 37 ਦੇਖੋ।
- ਕੋਈ ਅਜਿਹਾ ਵਿਅਕਤੀ ਲੱਭਣ ਲਈ ਜਿਹੜਾ ਤੁਹਾਡੀ ਜ਼ਬਾਨ ਬੋਲ ਸਕਦਾ ਹੋਵੇ ਅਤੇ ਤੁਹਾਡੇ ਸਭਿਆਚਾਰ ਨੂੰ ਸਮਝ ਸਕਦਾ ਹੋਵੇ, ਕਮਿਊਨਟੀ ਦੀ ਕਿਸੇ ਸੰਸਥਾ ਨਾਲ ਸੰਪਰਕ ਕਰੋ। (ਸਫਾ 39 ਦੇਖੋ)।
- ਜੇ ਤੁਹਾਨੂੰ ਤੁਹਾਡੇ ਬੱਚਿਆਂ ਨੇ ਸਪੌਂਸਰ ਕੀਤਾ ਹੈ ਅਤੇ ਉਹ ਹੁਣ ਤੁਹਾਡੇ ਨਾਲ ਬੁਰਾ ਵਰਤਾਉ ਕਰ ਰਹੇ ਹਨ ਤਾਂ ਤੁਸੀਂ ਮਦਦ ਲੈ ਸਕਦੇ ਹੋ। ਸੀਨੀਅਰਜ਼ ਫਸਟ ਬੀ ਸੀ ਨਾਲ **604-437-1940** (ਗਰੇਟਰ ਵੈਨਕੂਵਰ) ਜਾਂ **1-866-437-1940** ’ਤੇ (ਬੀ ਸੀ ਵਿਚ ਹੋਰ ਕਿਤਿਉਂ ਵੀ ਮੁਫਤ) ਸੰਪਰਕ ਕਰੋ ਜਿਹੜੀ ਇਕ ਅਜਿਹੀ ਸੰਸਥਾ ਹੈ ਜਿਹੜੀ ਉਨ੍ਹਾਂ ਬਜ਼ੁਰਗਾਂ ਦੀ ਮਦਦ ਕਰਦੀ ਹੈ ਜਿਨ੍ਹਾਂ ਨਾਲ ਬੁਰਾ ਵਰਤਾਉ ਹੋ ਰਿਹਾ ਹੈ, ਜਾਂ ਹੋ ਰਿਹਾ ਹੋ ਸਕਦਾ ਹੈ।

## ਪੈਸਿਆਂ ਬਾਰੇ ਕੀ ਕਹਿਣਾ ਹੈ?

What about money?

ਜੇ ਤੁਸੀਂ ਪੱਕੇ ਵਸਨੀਕ ਹੋਵੋ ਤਾਂ ਤੁਸੀਂ **ਵੈਲਫੇਅਰ** (ਮੁਢਲੀਆਂ ਲੋੜਾਂ ਜਿਵੇਂ ਕਿ ਰਿਹਾਇਸ਼, ਰੋਟੀ ਅਤੇ ਕੱਪੜਿਆਂ ਲਈ ਸੂਬਾਈ ਸਰਕਾਰ ਤੋਂ ਪੈਸੇ) ਲਈ ਅਪਲਾਈ ਕਰ ਸਕਦੇ ਹੋ। ਇਸ ਦਾ ਕੈਨੇਡਾ ਵਿਚ ਤੁਹਾਡੇ ਇਮੀਗਰੇਸ਼ਨ ਦੇ ਦਰਜੇ ’ਤੇ ਕੋਈ ਅਸਰ ਨਹੀਂ ਪੈਂਦਾ।

ਅਗਲਾ ਚੈਪਟਰ ਇਸ ਚੀਜ਼ ਬਾਰੇ ਹੈ ਕਿ ਵੈਲਫੇਅਰ ਲਈ ਅਪਲਾਈ ਕਿਵੇਂ ਕਰਨਾ ਹੈ।

## ਮੇਰੇ ਬੱਚਿਆਂ ਅਤੇ ਸਾਡੇ ਘਰ ਦਾ ਕੀ ਹੋਵੇਗਾ?

What will happen to my children and our house?

ਜੇ ਤੁਹਾਡਾ ਸਪਾਉਸ (ਪਤੀ ਜਾਂ ਪਤਨੀ) ਤੁਹਾਡਾ ਸਪੌਂਸਰ ਹੈ ਅਤੇ ਤੁਹਾਡੀ ਸਪੌਂਸਰਸ਼ਿਪ ਟੁੱਟ ਜਾਂਦੀ ਹੈ ਤਾਂ ਉਸ ਨੂੰ ਤੁਹਾਡੇ ਬੱਚੇ ਜਾਂ ਜਾਇਦਾਦ ਰੱਖਣ ਦਾ ਹੱਕ ਨਹੀਂ ਹੈ।

ਜੇ ਤੁਸੀਂ ਅਤੇ ਤੁਹਾਡਾ ਸਪਾਉਸ ਜੁਦਾ ਹੋ ਜਾਂਦੇ ਹੋ ਜਾਂ ਤਲਾਕ ਹੋ ਜਾਂਦਾ ਹੈ ਤਾਂ ਤੁਹਾਡੇ ਸਪਾਉਸ ਦੀ ਤੁਹਾਡੇ ਬੱਚਿਆਂ ਦੀ ਅਜੇ ਵੀ ਮਦਦ ਕਰਨਾ ਕਾਨੂੰਨੀ ਜ਼ਿੰਮੇਵਾਰੀ ਹੈ। ਇਸ ਨੂੰ ਚਾਇਲਡ ਸੁਪੋਰਟ ਜਾਂ ਮੇਨਟੇਨੈਂਸ ਕਿਹਾ ਜਾਂਦਾ ਹੈ। ਉਸ ਨੂੰ ਤੁਹਾਨੂੰ ਵੀ ਸਹਾਇਤਾ ਲਈ ਪੈਸੇ ਦੇਣੇ ਪੈ ਸਕਦੇ ਹਨ। ਇਸ ਨੂੰ ਸਪਾਉਜ਼ਲ ਸੁਪੋਰਟ ਕਹਿੰਦੇ ਹਨ।

ਆਪਣੇ ਸਪਾਉਸ ਕੋਲੋਂ ਚਾਇਲਡ ਜਾਂ ਸਪਾਉਜ਼ਲ ਸੁਪੋਰਟ ਲੈਣ ਲਈ ਤੁਸੀਂ ਅਦਾਲਤ ਕੋਲ ਜਾ ਸਕਦੇ ਹੋ। ਜੇ ਤੁਸੀਂ ਅਦਾਲਤ ਵਿਚ ਨਹੀਂ ਜਾਣਾ ਚਾਹੁੰਦੇ ਤਾਂ ਤੁਸੀਂ ਅਤੇ ਤੁਹਾਡਾ ਸਪਾਉਸ ਕਿਸੇ ਮੀਡੀਏਟਰ (ਵਿਚੋਲੇ) ਜਾਂ ਵਕੀਲਾਂ ਰਾਹੀਂ ਸਮਝੌਤਾ ਕਰਨ ਦੀ ਵੀ ਕੋਸ਼ਿਸ਼ ਕਰ ਸਕਦੇ ਹੋ। ਤੁਸੀਂ ਫੈਮਿਲੀ ਜਸਟਿਸ ਕੌਂਸਲਰ ਤੋਂ ਵੀ ਮਦਦ ਲੈ ਸਕਦੇ ਹੋ (ਸਫਾ 51 ਦੇਖੋ)।

ਤੁਹਾਡਾ ਉਸ ਜਾਇਦਾਦ ’ਤੇ ਵੀ ਕੁਝ ਹੱਕ ਹੋ ਸਕਦਾ ਹੈ ਜਿਹੜੀ ਤੁਹਾਡੀ ਆਪਣੇ ਸਪਾਉਸ ਨਾਲ ਸਾਂਝੀ ਹੈ। ਤੁਸੀਂ ਦੋਨੋਂ ਜਾਣੇ ਇਹ ਫੈਸਲਾ ਕਰ ਸਕਦੇ ਹੋ ਕਿ ਆਪਣੀ ਜਾਇਦਾਦ ਕਿਵੇਂ ਵੰਡਣੀ ਹੈ, ਜਾਂ ਅਜਿਹਾ ਕਰਵਾਉਣ ਲਈ ਤੁਸੀਂ ਅਦਾਲਤ ਕੋਲ ਜਾ ਸਕਦੇ ਹੋ।

## ਮੇਰੇ ਸਪੌਂਸਰ ਨੂੰ ਕੀ ਹੋਵੇਗਾ?
What will happen to my sponsor?

ਤੁਹਾਡੀ ਮਦਦ ਲਈ ਦਿੱਤੇ ਗਏ ਪੈਸੇ ਲੈਣ ਲਈ ਫੈਡਰਲ ਅਤੇ ਸੂਬਾਈ ਸਰਕਾਰਾਂ ਨੂੰ ਤੁਹਾਡੇ ਸਪੌਂਸਰ ’ਤੇ ਮੁਕੱਦਮਾ ਕਰਨ ਦਾ ਹੱਕ ਹੈ (ਸਫਾ 30 ਵੀ ਦੇਖੋ)। ਜੇ ਤੁਸੀਂ ਵੈਲਫੇਅਰ ਲੈ ਰਹੇ ਹੋ ਤਾਂ ਸੂਬਾਈ ਸਰਕਾਰ ਦੀ ਨੀਤੀ ਤੁਹਾਡੇ ਸਪੌਂਸਰ ਤੋਂ ਉਹ ਸਾਰੇ ਪੈਸੇ ਲੈਣਾ ਹੈ ਜਿਹੜੇ ਤੁਹਾਨੂੰ ਵੈਲਫੇਅਰ ਵਿਚ ਦਿੱਤੇ ਗਏ ਹਨ।

ਜੇ ਤੁਹਾਡਾ ਸਪੌਂਸਰ ਉਤਨਾ ਸਮਾਂ ਤੁਹਾਨੂੰ ਨਹੀਂ ਸਾਂਭਦਾ ਜਿੰਨੇ ਸਮੇਂ ਲਈ ਉਸ ਨੇ ਵਾਅਦਾ ਕੀਤਾ ਹੈ ਅਤੇ ਤੁਹਾਨੂੰ ਵੈਲਫੇਅਰ ’ਤੇ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਸਪੌਂਸਰ ਕਰਨ ਲਈ ਉਤਨਾ ਚਿਰ ਆਗਿਆ ਨਹੀਂ ਦਿੱਤੀ ਜਾਵੇਗੀ ਜਿੰਨਾ ਚਿਰ ਉਹ ਵੈਲਫੇਅਰ ਮਹਿਕਮੇ ਵਲੋਂ ਤੁਹਾਨੂੰ ਦਿੱਤੇ ਗਏ ਸਾਰੇ ਪੈਸੇ ਸਰਕਾਰ ਨੂੰ ਮੋੜ ਨਹੀਂ ਦਿੰਦੇ।

## ਜ਼ਿਆਦਾ ਜਾਣਕਾਰੀ ਲਈ
For more information

ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਤੁਹਾਡੇ ਕੀ ਹੱਕ ਹਨ ਅਤੇ ਸੁਰੱਖਿਅਤ ਰਹਿਣ ਲਈ ਤੁਸੀਂ ਕਿਹੜੇ ਕਦਮ ਚੁੱਕ ਸਕਦੇ ਹੋ, ਲੀਗਲ ਏਡ ਦੀਆਂ ਲਿਖਤਾਂ ਪੜ੍ਹੋ:

- *ਸੁਰੱਖਿਅਤ ਰਹੋ — ਬੁਰੇ ਵਰਤਾਉ ਦਾ ਅੰਤ ਕਰੋ*
(ਚਾਇਨੀਜ਼ (ਸਿੰਪਲੀਫਾਈਡ ਅਤੇ ਟ੍ਰਾਡੀਸ਼ਨਲ), ਅੰਗਰੇਜ਼ੀ, ਫਾਰਸੀ, ਫਰੈਂਚ (ਸਿਰਫ ਔਨਲਾਈਨ), ਪੰਜਾਬੀ ਅਤੇ ਸਪੈਨਿਸ਼ ਵਿਚ ਮਿਲਦੀ ਹੈ)
- *ਇਕੱਠੇ ਰਹਿਣਾ ਜਾਂ ਅਲੱਗ ਰਹਿਣਾ*
(ਚਾਇਨੀਜ਼ (ਸਿੰਪਲੀਫਾਈਡ ਅਤੇ ਟ੍ਰਾਡੀਸ਼ਨਲ), ਅੰਗਰੇਜ਼ੀ, ਫਰੈਂਚ, ਪੰਜਾਬੀ ਅਤੇ ਸਪੈਨਿਸ਼ ਵਿਚ ਮਿਲਦੀ ਹੈ)

ਸਾਰੀਆਂ ਲੀਗਲ ਏਡ ਦੇ ਮਾਈਲਾਅ ਬੀ ਸੀ ਵੈੱਬਸਾਈਟ mylawbc.com/pubs ’ਤੇ ਉਪਲਬਧ ਹਨ।

ਲੀਗਲ ਏਡ ਦੇ ਇਕ ਹੋਰ ਵੈੱਬਸਾਈਟ, ਫੈਮਿਲੀ ਲਾਅ ਇਨ ਬ੍ਰਿਟਿਸ਼ ਕੋਲੰਬੀਅ familylaw.lss.bc.ca ’ਤੇ ਵੀ ਫੈਮਿਲੀ ਲਾਅ ਦੇ ਮਸਲਿਆਂ ਬਾਰੇ ਫਾਇਦੇਮੰਦ ਜਾਣਕਾਰੀ ਹੈ।




# ਵੈਲਫੇਅਰ ਲਈ ਅਪਲਾਈ ਕਰਨਾ

## ਜੇ ਮੇਰਾ ਸਪੌਂਸਰ ਮੈਨੂੰ ਨਾ ਸਾਂਭੇ ਤਾਂ ਮੈਂ ਸਹਾਇਤਾ ਲਈ ਕਿੱਥੇ ਜਾ ਸਕਦੀ/ਸਕਦਾ ਹਾਂ?

Where can I get help if my sponsor won't support me?

ਜੇ ਤੁਹਾਡੇ ਕੋਲ ਬਹੁਤ ਘੱਟ ਪੈਸੇ ਹਨ ਜਾਂ ਕੋਈ ਪੈਸੇ ਜਾਂ ਆਮਦਨ ਨਹੀਂ ਹੈ ਅਤੇ ਤੁਸੀਂ ਆਪਣਾ ਗੁਜ਼ਾਰਾ ਆਪ ਨਹੀਂ ਕਰ ਸਕਦੇ ਤਾਂ ਤੁਸੀਂ **ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡੱਕਸ਼ਨ** (Ministry of Social Development and Poverty Reduction) ਤੋਂ ਸਹਾਇਤਾ ਮੰਗ ਸਕਦੇ ਹੋ (ਜਿਸ ਨੂੰ ਇਸ ਕਿਤਾਬਚੇ ਵਿਚ "ਮਨਿਸਟਰੀ" ਕਿਹਾ ਗਿਆ ਹੈ)। ਮਨਿਸਟਰੀ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦਾ ਹਿੱਸਾ ਹੈ। ਇਹ ਘੱਟ ਆਮਦਨ ਵਾਲੇ ਜਾਂ ਬਿਲਕੁਲ ਕੋਈ ਨਾ ਆਮਦਨ ਵਾਲੇ ਲੋਕਾਂ ਨੂੰ ਰਿਹਾਇਸ਼, ਖਾਣੇ, ਕੱਪੜਿਆਂ ਅਤੇ ਹੋਰ ਮੁਢਲੀਆਂ ਲੋੜਾਂ ਲਈ ਪੈਸੇ ਦਿੰਦੀ ਹੈ ਜਿਹੜੇ ਸਹਾਇਤਾ ਲੈਣ ਦੇ ਹੱਕਦਾਰ ਹਨ। ਜਿਹੜੇ ਪੈਸੇ ਤੁਹਾਨੂੰ ਮਨਿਸਟਰੀ ਤੋਂ ਮਿਲਦੇ ਹਨ ਉਸ ਨੂੰ ਆਮ ਤੌਰ 'ਤੇ **ਵੈਲਫੇਅਰ** (welfare) ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਕਦੇ ਕਦੇ ਇਨਕਮ ਅਸਿਸਟੈਂਸ ਜਾਂ ਸੋਸ਼ਲ ਅਸਿਸਟੈਂਸ ਵੀ ਕਿਹਾ ਜਾਂਦਾ ਹੈ।

ਭਾਵੇਂ ਕਿ ਸਪੌਂਸਰਸ਼ਿਪਾਂ ਦੀ ਫੈਡਰਲ ਸਰਕਾਰ ਇੰਚਾਰਜ ਹੈ, ਪਰ ਜੇ ਤੁਹਾਡੀ ਸਪੌਂਸਰਸ਼ਿਪ ਟੁੱਟ ਜਾਵੇ ਤਾਂ ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਤੁਹਾਨੂੰ ਸਹਾਇਤਾ ਨਹੀਂ ਦੇ ਸਕਦੀ, ਅਤੇ ਨਾ ਹੀ ਉਹ ਤੁਹਾਡੇ ਸਪੌਂਸਰ ਤੋਂ ਪੈਸੇ ਲੈਣ ਵਿਚ ਤੁਹਾਡੀ ਮਦਦ ਕਰਦੀ ਹੈ।

ਕਿਤਾਬਚੇ ਦਾ ਇਹ ਭਾਗ ਵੈਲਫੇਅਰ ਬਾਰੇ ਮੁਢਲੀ ਜਾਣਕਾਰੀ ਦਿੰਦਾ ਹੈ। ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ, ਅਤੇ ਕਿਹੜੇ ਬੈਨੇਫਿਟ ਮੌਜੂਦ ਹਨ, ਇਸ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਤੁਸੀਂ ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਲਿਖਿਆ ਕਿਤਾਬਚਾ *ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ (How to Apply for Welfare)* ਪੜ੍ਹ ਕੇ ਲੈ ਸਕਦੇ ਹੋ (ਸਫਾ 49 ਦੇਖੋ)। ਵੈਲਫੇਅਰ ਲਈ ਅਪਲਾਈ ਕਰਨ ਵਿਚ ਜਿਹੜੀਆਂ ਸੰਸਥਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ, ਉਨ੍ਹਾਂ ਦੇ ਨਾਂ ਲੈਣ ਲਈ 40 – 48 ਸਫਿਆਂ 'ਤੇ ਵੀ ਦੇਖੋ।

# ਮੈਂ ਵੈਲਫੇਅਰ ਕਿਵੇਂ ਲਵਾਂ?

How do I get welfare?

ਬੀ ਸੀ ਵਿਚ ਬਹੁਤੇ ਲੋਕਾਂ ਲਈ ਵੈਲਫੇਅਰ ਲਈ ਅਪਲਾਈ ਕਰਨ ਦੇ ਆਮ ਨਿਯਮ ਇਹ ਹਨ:

1. ਮਨਿਸਟਰੀ ਨਾਲ ਸੰਪਰਕ ਕਰੋ ਅਤੇ ਆਪ ਜਾ ਕੇ, ਫੋਨ ’ਤੇ, ਜਾਂ ਕੰਪਿਊਟਰ ’ਤੇ **ਵੈਲਫੇਅਰ ਲਈ ਅਰਜ਼ੀ ਫਾਰਮ** (Application for Income Assistance) (**ਹਿੱਸਾ 1**) ਭਰੋ।

2. ਆਪ ਜਾ ਕੇ, ਫੋਨ ’ਤੇ, ਜਾਂ ਔਨਲਾਈਨ **ਓਰੀਐਨਟੇਸ਼ਨ** ਸੈਸ਼ਨ ਪੂਰਾ ਕਰੋ (ਜੇ ਜ਼ਰੂਰੀ ਹੋਵੇ)।

3. ਕੰਮ ਦੀ ਭਾਲ ਕਰੋ (ਜੇ ਜ਼ਰੂਰੀ ਹੋਵੇ)।

4. **ਇਮਪਲੌਏਮੈਂਟ ਐਂਡ ਅਸਿਸਟੈਂਸ ਵਰਕਰ** (ਈ ਏ ਡਬਲਯੂ) ਨਾਲ ਹੱਕਦਾਰੀ ਬਾਰੇ ਇੰਟਰਵਿਊ ਲਈ ਜਾਓ।

*ਪਰ*, ਬਹੁਤੀਆਂ ਹਾਲਤਾਂ ਵਿਚ, ਖਾਸ ਕਰਕੇ ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋ ਰਿਹਾ ਹੋਵੇ ਜਾਂ ਤੁਹਾਨੂੰ ਮਦਦ ਦੀ ਫੌਰੀ ਲੋੜ ਹੋਵੇ ਤਾਂ ਤੁਹਾਨੂੰ ਇਹ ਸਾਰੇ ਕਦਮ ਨਹੀਂ ਚੁੱਕਣੇ ਪੈਣਗੇ। ਤੁਹਾਨੂੰ ਉਨ੍ਹਾਂ ਲੋਕਾਂ ਨਾਲੋਂ ਕਿਤੇ ਛੇਤੀ ਪੈਸੇ ਅਤੇ ਮਦਦ ਮਿਲ ਸਕਦੀ ਹੈ ਜਿਨ੍ਹਾਂ ਨੂੰ ਆਮ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਵੇਰਵਿਆਂ ਲਈ ਅੱਗੇ ਲਿਖੇ ਭਾਗ ਦੇਖੋ।

# ਜੇ ਮੈਂ ਬੁਰੇ ਵਰਤਾਉ ਤੋਂ ਭੱਜ ਰਹੀ/ਰਿਹਾ ਹੋਵਾਂ ਤਾਂ ਕੀ ਹੋਵੇਗਾ?

What if I am fleeing abuse?

ਇਹ ਬਹੁਤ ਜ਼ਰੂਰੀ ਹੈ ਕਿ ਮਨਿਸਟਰੀ ਨਾਲ ਪਹਿਲੀ ਵਾਰੀ ਸੰਪਰਕ ਕਰਨ ਵੇਲੇ ਤੁਸੀਂ ਇਹ ਦੱਸੋ ਕਿ ਤੁਸੀਂ ਆਪਣੇ ਸਪਾਊਸ ਜਾਂ ਕਿਸੇ ਹੋਰ ਰਿਸ਼ਤੇਦਾਰ ਦੇ **ਬੁਰੇ ਵਰਤਾਉ** ਤੋਂ ਭੱਜ ਰਹੇ ਹੋ।

ਜੇ ਤੁਸੀਂ ਬੁਰੇ ਵਰਤਾਉ ਵਾਲੀ ਹਾਲਤ ਨੂੰ ਛੱਡ ਕੇ ਜਾ ਰਹੇ ਹੋ ਤਾਂ ਵੈਲਫੇਅਰ ਲਈ ਤੁਹਾਡੀ ਅਰਜ਼ੀ ’ਤੇ ਤੇਜ਼ੀ ਨਾਲ ਕਾਰਵਾਈ ਹੋਵੇਗੀ:

- ਤੁਹਾਨੂੰ ਕੰਮ ਦੀ ਭਾਲ ਨਹੀਂ ਕਰਨੀ ਪਵੇਗੀ, ਅਤੇ
- ਮਨਿਸਟਰੀ ਨੂੰ ਤੁਹਾਡੀ ਹੱਕਦਾਰੀ ਲਈ ਇੰਟਰਵਿਊ, ਤੁਹਾਡੀ ਵੈਲਫੇਅਰ ਲਈ ਅਰਜ਼ੀ ਦੇ ਸ਼ੁਰੂ ਹੋਣ ਤੋਂ ਬਾਅਦ ***ਇਕ ਕਾਰੋਬਾਰੀ ਦਿਨ ਵਿਚ*** ਕਰਨੀ ਚਾਹੀਦੀ ਹੈ।

ਇਹ ਸੱਚ ਹੈ ਭਾਵੇਂ ਤੁਸੀਂ ਵੈਲਫੇਅਰ ਲਈ ਅਪਲਾਈ ਕਰਨ ਵੇਲੇ ਕਿਸੇ ਸ਼ੈਲਟਰ ਜਾਂ ਟ੍ਰਾਂਜ਼ੀਸ਼ਨ ਹਾਊਸ ਵਿਚ ਰਹਿ ਰਹੇ ਹੋਵੋ ਜਾਂ ਨਾ।

ਜੇ ਤੁਸੀਂ ਵੈਲਫੇਅਰ ਲਈ ਹੱਕਦਾਰੀ ਦੀ ਸਾਰੀ ਕਸੌਟੀ ਪੂਰੀ ਕਰਦੇ ਹੋਵੋ ਤਾਂ ਤੁਹਾਨੂੰ ਵੈਲਫੇਅਰ ਦੇ ਆਮ ਬੈਨੇਫਿਟਸ **ਹੱਕਦਾਰੀ ਲਈ ਇੰਟਰਵਿਊ** ਤੋਂ ਛੇਤੀ ਬਾਅਦ ਮਿਲਣੇ ਸ਼ੁਰੂ ਹੋ ਜਾਣੇ ਚਾਹੀਦੇ ਹਨ।

ਜੇ ਤੁਸੀਂ ਬੁਰੇ ਵਰਤਾਉ ਤੋਂ ਭੱਜ ਰਹੇ ਹੋਵੋ *ਅਤੇ* ਤੁਹਾਡੀ ਖਾਣੇ, ਰਿਹਾਇਸ਼ ਜਾਂ ਮੈਡੀਕਲ ਮਦਦ ਦੀ (ਜਿਵੇਂ ਦਵਾਈ ਲਈ ਪੈਸੇ ਦੇਣਾ) ਕੋਈ ਫੌਰੀ ਲੋੜ ਹੈ ਜਿਹੜੀ ਕਿ ਹੱਕਦਾਰੀ ਲਈ ਇੰਟਰਵਿਊ ਤੋਂ ਪਹਿਲਾਂ ਪੂਰੀ ਹੋਣੀ ਜ਼ਰੂਰੀ ਹੈ ਤਾਂ ਮਨਿਸਟਰੀ ਨਾਲ ਪਹਿਲੀ ਵਾਰੀ ਸੰਪਰਕ ਕਰਨ ਵੇਲੇ ਇਸ ਬਾਰੇ ਦੱਸੋ। ਉਨ੍ਹਾਂ ਨੂੰ ਕਹੋ ਕਿ ਹੱਕਦਾਰੀ ਲਈ ਤੁਹਾਡੀ ਇੰਟਰਵਿਊ ਤੱਕ ਤੁਹਾਡੀ ਫੌਰੀ ਲੋੜ ਪੂਰੀ ਕੀਤੀ ਜਾਵੇ।

# ਜੇ ਮੈਨੂੰ ਪੈਸੇ ਫੌਰਨ ਚਾਹੀਦੇ ਹੋਣ ਤਾਂ ਕੀ ਹੋਵੇਗਾ?

What if I need money right away?

ਭਾਵੇਂ ਤੁਸੀਂ ਬੁਰੇ ਵਰਤਾਉ ਤੋਂ ਨਾ ਵੀ ਭੱਜ ਰਹੇ ਹੋਵੋ, ਪਰ ਜੇ ਤੁਹਾਨੂੰ ਪੈਸਿਆਂ ਦੀ ਲੋੜ ਹੋਵੇ ਜਾਂ ਖਾਣੇ, ਰਿਹਾਇਸ਼ ਜਾਂ ਕਿਸੇ ਜ਼ਰੂਰੀ ਮੈਡੀਕਲ ਲੋੜ ਲਈ ਹੋਰ ਮਦਦ ਫੌਰਨ ਚਾਹੀਦੀ ਹੋਵੇ ਤਾਂ ਵੈਲਫੇਅਰ ਲਈ ਅਪਲਾਈ ਕਰਨ ਵੇਲੇ **ਇਮੀਡੇਟ ਨੀਡਜ਼ ਅਸੈਸਮੈਂਟ** (ਫੌਰੀ ਲੋੜਾਂ ਦਾ ਅਨੁਮਾਨ) ਲਾਉਣ ਲਈ ਕਹੋ। ਨਹੀਂ ਤਾਂ ਆਮ ਵੈਲਫੇਅਰ ਬੈਨੇਫਿਟਸ ਮਿਲਣ ਤੋਂ ਪਹਿਲਾਂ ਕਈ ਹਫਤੇ ਲੱਗ ਸਕਦੇ ਹਨ, ਜੇ ਤੁਹਾਨੂੰ ਕੰਮ ਦੀ ਭਾਲ ਕਰਨੀ ਪੈਂਦੀ ਹੈ।

ਜੇ ਤੁਹਾਨੂੰ ਫੌਰਨ ਮਦਦ ਚਾਹੀਦੀ ਹੈ ਤਾਂ ਫੌਰੀ ਲੋੜਾਂ ਦਾ ਅਨੁਮਾਨ ਲਈ ਕਹੋ, ਭਾਵੇਂ ਮਨਿਸਟਰੀ ਦਾ ਵਰਕਰ ਤੁਹਾਨੂੰ ਇਸ ਬਾਰੇ ਨਹੀਂ ਵੀ ਦੱਸਦਾ। ਜੇ ਤੁਹਾਨੂੰ ਇਹ ਬਿਆਨ ਕਰਨ ਵਿਚ ਮਦਦ ਦੀ ਲੋੜ ਹੈ ਕਿ ਕੰਮ ਦੀ ਭਾਲ ਦੌਰਾਨ ਮਦਦ ਤੋਂ ਬਿਨਾਂ ਰਹਿਣਾ ਬਹੁਤ ਔਖਾ ਹੋਵੇਗਾ (ਸਫਾ 23 ਦੇਖੋ) ਤਾਂ 40 – 48 ਸਫਿਆਂ ’ਤੇ ਦਰਜ ਗਰੁੱਪਾਂ ਵਿੱਚੋਂ ਕਿਸੇ ਗਰੁੱਪ ਨਾਲ ਸੰਪਰਕ ਕਰੋ ਜਾਂ ਕਿਸੇ ਭਰੋਸੇਯੋਗ ਦੋਸਤ ਦੀ ਮਦਦ ਲਵੋ।

ਤੁਹਾਨੂੰ ਇਹ ਸਾਬਤ ਕਰਨ ਦੀ ਲੋੜ ਨਹੀਂ ਹੈ ਕਿ ਤੁਸੀਂ ਫੂਡ ਬੈਂਕਾਂ, ਸ਼ੈਲਟਰਾਂ, ਜਾਂ ਟ੍ਰਾਂਜ਼ੀਸ਼ਨ ਹਾਊਸਾਂ ਤੋਂ ਮਦਦ ਲੈਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਤੁਸੀਂ ਫੌਰੀ ਲੋੜਾਂ ਦਾ ਅਨੁਮਾਨ ਲਵਾ ਸਕੋ। ਤੁਸੀਂ ਅਨੁਮਾਨ ਲਵਾ ਸਕਦੇ ਹੋ ਭਾਵੇਂ ਤੁਸੀਂ ਪਹਿਲਾਂ ਹੀ ਐਮਰਜੰਸੀ ਰਿਹਾਇਸ਼ ਵਿਚ ਰਹਿ ਰਹੇ ਹੋ ਅਤੇ/ਜਾਂ ਫੂਡ ਬੈਂਕਾਂ ਤੋਂ ਖਾਣੇ ਲੈ ਰਹੇ ਹੋ।

ਅਨੁਮਾਨ ਦਾ ਸਿਰਫ ਇੰਨਾ ਮਤਲਬ ਹੈ ਕਿ ਮਨਿਸਟਰੀ ਦਾ ਵਰਕਰ ਤੁਹਾਡੇ ਤੋਂ ਕੁਝ ਸਵਾਲ ਪੁੱਛੇਗਾ। ਜੇ ਮਨਿਸਟਰੀ ਸਹਿਮਤ ਹੁੰਦੀ ਹੈ ਕਿ ਤੁਹਾਡੀ ਫੌਰੀ ਲੋੜ ਹੈ ਅਤੇ ਮਦਦ ਲੈਣ ਲਈ ਕੋਈ ਹੋਰ ਥਾਂ ਨਹੀਂ ਹੈ ਤਾਂ ਉਨ੍ਹਾਂ ਨੂੰ ਤੁਹਾਡੀ ਲੋੜ ਉਸੇ ਦਿਨ ਪੂਰੀ ਕਰਨੀ ਪੈਣੀ ਹੈ। ਇਸ ਦੇ ਨਾਲ ਹੀ, ਮਨਿਸਟਰੀ ਤੁਹਾਡੀ ਹੱਕਦਾਰੀ ਦੀ ਇੰਟਰਵਿਊ ***ਬਹੁਤ ਜ਼ਰੂਰੀ ਦੇ ਆਧਾਰ*** ’ਤੇ ਕਰੇਗੀ ਜੋ ਕਿ ਤੁਹਾਡੇ ਵੈੱਲਫੇਅਰ ਲਈ ਪਹਿਲੀ ਵਾਰ ਅਪਲਾਈ ਕਰਨ ਤੋਂ ਬਾਅਦ ਪੰਜ ਦਿਨਾਂ ਦੇ ਵਿਚ ਵਿਚ ਹੋਵੇਗੀ।

ਤੁਸੀਂ ਫੌਰੀ ਲੋੜਾਂ ਦਾ ਅਨੁਮਾਨ ਲਈ ਯੋਗ ਹੋਵੋਗੇ ਜੇ ਤੁਹਾਡੀ (ਜਾਂ ਤੁਹਾਡੇ ’ਤੇ ਨਿਰਭਰ ਕਿਸੇ ਦੀ):

- ਖਾਣੇ ਦੀ ਕੋਈ ਫੌਰੀ ਲੋੜ ਹੈ,
- ਰਿਹਾਇਸ਼ ਲਈ ਕੋਈ ਫੌਰੀ ਲੋੜ ਹੈ (ਹੀਟਿੰਗ ਅਤੇ/ਜਾਂ ਬਿਜਲੀ ਸਮੇਤ), ਜਾਂ
- ਡਾਕਟਰੀ ਇਲਾਜ ਦੀ ਕੋਈ ਫੌਰੀ ਲੋੜ ਹੈ (ਸਮੇਤ ਦਵਾਈਆਂ ਜਾਂ ਮੈਡੀਕਲ ਸਰਵਿਸਿਜ਼ ਪਲੈਨ ਦੀ ਕਵਰੇਜ ਦੇ)।

ਜੇ ਮਨਿਸਟਰੀ ਫੌਰਨ ਹੱਕਦਾਰੀ ਲਈ ਇੰਟਰਵਿਊ ਨਾ ਕਰ ਸਕਦੀ ਹੋਵੇ ਤਾਂ ਤੁਹਾਨੂੰ ਤੁਹਾਡੀ ਹੱਕਦਾਰੀ ਲਈ ਇੰਟਰਵਿਊ ਵਾਲੇ ਦਿਨ ਤੱਕ ਉਹ ਵਸੀਲੇ ਦਿੱਤੇ ਜਾਣੇ ਜ਼ਰੂਰੀ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ (ਉਦਾਹਰਣ ਲਈ, ਖਾਣੇ ਲਈ ਵਾਊਚਰ, ਮੈਡੀਕਲ ਚੀਜ਼ਾਂ)। ਜੇ ਤੁਸੀਂ ਵੈੱਲਫੇਅਰ ਲਈ ਹੱਕਦਾਰੀ ਦੀ ਸਾਰੀ ਕਸੌਟੀ ਪੂਰੀ ਕਰਦੇ ਹੋਵੋ ਅਤੇ ਤੁਹਾਡੇ ਤੋਂ ਕੰਮ ਦੀ ਭਾਲ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ (ਸਫਾ 23 ਦੇਖੋ) ਤਾਂ ਤੁਹਾਨੂੰ ਆਪਣੀ ਇੰਟਰਵਿਊ ਤੋਂ ਬਾਅਦ ਆਮ ਵੈੱਲਫੇਅਰ ਬੈਨੇਫਿਟਸ ਛੇਤੀ ਮਿਲਣੇ ਸ਼ੁਰੂ ਹੋ ਜਾਣੇ ਚਾਹੀਦੇ ਹਨ। ਜੇ ਤੁਹਾਨੂੰ ਕੰਮ ਦੀ ਭਾਲ ਕਰਨੀ ਪੈਣੀ ਹੈ ਤਾਂ ਕੰਮ ਦੀ ਭਾਲ ਕਰਨ ਦੌਰਾਨ ਤੁਹਾਨੂੰ **ਹਾਰਡਸ਼ਿਪ ਅਸਿਸਟੈਂਸ** (ਤੰਗੀ ਵਿਚ ਸਹਾਇਤਾ) ਨਾਂ ਦੇ ਆਰਜ਼ੀ ਪੈਸੇ ਮਿਲਣਗੇ।

ਬੀ ਸੀ ਦਾ ਓਮਬਡਜ਼ਪਰਸਨ ਇਹ ਪੱਕਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਫੌਰੀ ਲੋੜਾਂ ਦੇ ਅਨੁਮਾਨ ਦੀ ਲੋੜ ਹੈ, ਉਹ ਉਨ੍ਹਾਂ ਦਾ ਛੇਤੀ ਤੋਂ ਛੇਤੀ ਹੋਵੇ। ਜੇ ਤੁਹਾਨੂੰ ਆਪਣਾ ਅਨੁਮਾਨ ਲਗਵਾਉਣ ਲਈ ਸਮੱਸਿਆਵਾਂ ਆ ਰਹੀਆਂ ਹਨ ਤਾਂ ਤੁਸੀਂ ਮਦਦ ਲਈ ਓਮਬਡਜ਼ਪਰਸਨ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹੋ (ਸਫਾ 51 ਦੇਖੋ)।

# ਅਪਲਾਈ ਕਰਨ ਤੋਂ ਪਹਿਲਾਂ

Before you apply

## ਆਪਣੇ ਪੇਪਰ ਇਕੱਠੇ ਕਰੋ

Gather your documents

ਅਪਲਾਈ ਕਰਨ ਵੇਲੇ ਤੁਹਾਨੂੰ ਮਨਿਸਟਰੀ ਨੂੰ ਆਪਣੀ ਪਛਾਣ ਅਤੇ ਇਮੀਗਰੇਸ਼ਨ ਦੇ ਦਰਜੇ ਦਾ ਸਬੂਤ ਦਿਖਾਉਣਾ ਪਵੇਗਾ। ਤੁਹਾਨੂੰ ਕਿਸੇ ਤਰ੍ਹਾਂ ਦੇ ਉਨ੍ਹਾਂ ਪੇਪਰਾਂ ਤੋਂ ਵੀ ਫਾਇਦਾ ਹੋਵੇਗਾ ਜਿਹੜੇ ਇਹ ਦਿਖਾਉਂਦੇ ਹੋਣ ਕਿ ਤੁਸੀਂ ਬੁਰੇ ਵਰਤਾਉ ਤੋਂ ਭੱਜ ਕੇ ਆ ਰਹੇ ਹੋ ਜਾਂ ਤੁਹਾਡੀ ਕੋਈ ਫੌਰੀ ਲੋੜ ਹੈ। ਇਸ ਦੇ ਨਾਲ ਹੀ, ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਤੁਹਾਨੂੰ ਕੰਮ ਦੀ ਭਾਲ ਤੋਂ ਛੋਟ ਮਿਲਣੀ ਚਾਹੀਦੀ ਹੈ (ਸਫਾ 23 ਦੇਖੋ) ਤਾਂ ਕੋਈ ਵੀ ਉਹ ਪੇਪਰ ਇਕੱਠੇ ਕਰੋ ਜਿਹੜੇ ਇਹ ਸਾਬਤ ਕਰਨ ਵਿਚ ਤੁਹਾਡੀ ਮਦਦ ਕਰਨਗੇ।

ਜੇ ਤੁਸੀਂ ਬੁਰੇ ਵਰਤਾਉ ਤੋਂ ਭੱਜ ਰਹੇ ਹੋਵੋ ਤਾਂ ਮਨਿਸਟਰੀ ਤੁਹਾਡੇ ਤੋਂ ਇਹ "ਸਾਬਤ" ਕਰਨ ਦੀ ਮੰਗ ਨਹੀਂ ਕਰਦੀ ਕਿ ਤੁਸੀਂ ਬੁਰੇ ਵਰਤਾਉ ਦਾ ਸਾਮ੍ਹਣਾ ਕਰ ਰਹੇ ਹੋ। ਉਹ ਤੁਹਾਡੇ 'ਤੇ ਯਕੀਨ ਕਰ ਸਕਦੇ ਹਨ। ਪਰ, ਜੇ ਤੁਹਾਡੇ ਕੋਲ ਅਜਿਹੇ ਪੇਪਰ ਹੋਣ ਜਿਹੜੇ ਉਹ ਬੁਰਾ ਵਰਤਾਉ ਦਿਖਾਉਣ ਵਿਚ ਮਦਦ ਕਰਦੇ ਹੋਣ ਜਿਸ ਤੋਂ ਤੁਸੀਂ ਭੱਜ ਰਹੇ ਹੋ ਤਾਂ ਇਹ ਇਕੱਠੇ ਕਰਨਾ ਅਤੇ ਮਨਿਸਟਰੀ ਨੂੰ ਦੇਣਾ ਫਾਇਦੇਮੰਦ ਹੈ। ਉਦਾਹਰਣ ਲਈ, ਇਹ ਪੁਲੀਸ ਰਿਪੋਰਟਾਂ, ਮੈਡੀਕਲ ਰਿਪੋਰਟਾਂ, ਫੋਟੋਆਂ, ਜਾਂ ਕਿਸੇ ਸ਼ੈਲਟਰ ਜਾਂ ਕਮਿਊਨਟੀ ਵਰਕਰਾਂ ਦੀਆਂ ਈਮੇਲਾਂ ਅਤੇ ਚਿੱਠੀਆਂ ਹੋ ਸਕਦੀਆਂ ਹਨ।

# ਮਨਿਸਟਰੀ ਨਾਲ ਕਿਵੇਂ ਸੰਪਰਕ ਕਰਨਾ ਹੈ

How to contact the ministry

ਤੁਸੀਂ ਇਹ ਚੋਣ ਕਰ ਸਕਦੇ ਹੋ ਕਿ ਮਨਿਸਟਰੀ ਨਾਲ ਕਿਵੇਂ ਸੰਪਰਕ ਕਰਨਾ ਹੈ। ਤੁਸੀਂ ਵੈਲਫੇਅਰ ਲਈ ਆਪਣੀ ਅਰਜ਼ੀ ਫੋਨ ਰਾਹੀਂ, ਮਨਿਸਟਰੀ ਦੇ ਨੇੜੇ ਦੇ ਦਫਤਰ ਵਿਚ ਜਾ ਕੇ, ਜਾਂ ਔਨਲਾਈਨ (ਕੰਪਿਊਟਰ ਵਰਤ ਕੇ) ਸ਼ੁਰੂ ਕਰ ਸਕਦੇ ਹੋ। ਮਨਿਸਟਰੀ ਆਮ ਤੌਰ 'ਤੇ ਲੋਕਾਂ ਤੋਂ ਕੰਪਿਊਟਰ ਦੀ ਵਰਤੋਂ ਕਰਕੇ ਵੈਲਫੇਅਰ ਲਈ ਅਪਲਾਈ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਜੇ ਇਹ ਤੁਹਾਡੇ ਲਈ ਔਖਾ ਹੋਵੇ ਤਾਂ ਤੁਹਾਡੇ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

## ਫੋਨ ਰਾਹੀਂ

By phone

ਫੋਨ ’ਤੇ ਅਪਲਾਈ ਕਰਨ ਲਈ, ਮਨਿਸਟਰੀ ਦੇ ਕਾਲ ਸੈਂਟਰ ਨੂੰ 1-866-866-0800 ’ਤੇ ਫੋਨ ਕਰੋ (ਮੁਫਤ)। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਵੈਲਫੇਅਰ ਲਈ ਫੋਨ ਰਾਹੀਂ ਅਪਲਾਈ ਕਰਨਾ ਚਾਹੁੰਦੇ ਹੋ। ਕੋਈ ਇਮਪਲੌਏਮੈਂਟ ਵਰਕਰ ਤੁਹਾਡੇ ਨਾਲ ਫੌਰਨ ਗੱਲ ਕਰ ਸਕਦਾ ਹੈ ਜਾਂ ਦੁਬਾਰਾ ਫੋਨ ਕਰਨ ਲਈ ਤੁਹਾਡੇ ਨਾਲ ਸਮਾਂ ਮਿੱਥ ਸਕਦਾ ਹੈ।

ਇਸ ਤੋਂ ਬਾਅਦ ਤੁਹਾਨੂੰ ***ਪੰਜ ਕਾਰੋਬਾਰੀ ਦਿਨਾਂ ਵਿਚ*** ਅਰਜ਼ੀ ਫਾਰਮ ’ਤੇ ਦਸਖਤ ਕਰਨ ਲਈ ਮਨਿਸਟਰੀ ਦੇ ਦਫਤਰ (ਜਾਂ ਗਵਰਮੈਂਟ ਸਰਵਿਸ ਬੀ ਸੀ ਸੈਂਟਰ) ਜਾਣ ਦੀ ਲੋੜ ਪਵੇਗੀ। ਜਾਂ ਤੁਸੀਂ ਕੋਈ ਹੋਰ “ਭਰੋਸੇਯੋਗ ਤੀਜੀ ਧਿਰ” ਲੱਭ ਸਕਦੇ ਹੋ ਜਿਵੇਂ ਕਿ ਕੋਈ ਹੋਰ ਸਰਕਾਰੀ ਵਰਕਰ, ਕੋਈ ਡਾਕਟਰ, ਨਰਸ, ਜਾਂ ਰਜਿਸਟਰਿਡ ਸੋਸ਼ਲ ਵਰਕਰ ਅਤੇ ***ਪੰਜ ਕਾਰੋਬਾਰੀ ਦਿਨਾਂ ਵਿਚ*** ਮਨਿਸਟਰੀ ਦੇ ਅਰਜ਼ੀ ਫਾਰਮ ’ਤੇ ਉਸ ਵਿਅਕਤੀ ਸਾਹਮਣੇ ਦਸਖਤ ਕਰ ਸਕਦੇ ਹੋ। (ਉਨ੍ਹਾਂ ਨੂੰ ਫਾਰਮ ਫੈਕਸ ਕੀਤਾ ਜਾਵੇਗਾ।) **ਇਮਪਲੌਏਮੈਂਟ ਐਂਡ ਅਸਿਸਟੈਂਸ ਵਰਕਰ** (ਈ ਏ ਡਬਲਯੂ) ਤੁਹਾਨੂੰ ਇਸ ਬਾਰੇ ਦੱਸੇਗਾ।

## ਨਿੱਜੀ ਤੌਰ ’ਤੇ

In person

ਨੇੜੇ ਦਾ ਦਫਤਰ ਲੱਭਣ ਲਈ ਮਨਿਸਟਰੀ ਨੂੰ 1-866-866-0800 ’ਤੇ ਫੋਨ ਕਰੋ (ਮੁਫਤ) ਜਾਂ www2.gov.bc.ca/gov/content/family-social-supports/income-assistance/access-services ’ਤੇ ਇਸ ਦੇ ਵੈੱਬਸਾਈਟ ’ਤੇ ਐਕਸੈੱਸ ਸਰਵਿਸਿਜ਼ ਪੇਜ ’ਤੇ ਜਾਉ।

ਮਨਿਸਟਰੀ ਦੇ ਦਫਤਰਾਂ ਨੂੰ “ਇਮਪਲੌਏਮੈਂਟ ਐਂਡ ਅਸਿਸਟੈਂਸ ਆਫਿਸਿਜ਼” ਆਖਿਆ ਜਾਂਦਾ ਹੈ।

## ਔਨਲਾਈਨ

Online

ਜੇ ਤੁਹਾਡੀ ਕੰਪਿਊਟਰ ਤੱਕ ਪਹੁੰਚ ਹੈ ਅਤੇ ਤੁਸੀਂ ਔਨਲਾਈਨ ਅਪਲਾਈ ਕਰਨਾ ਚਾਹੁੰਦੇ ਹੋ ਤਾਂ myselfserve.gov.bc.ca ’ਤੇ ਮਨਿਸਟਰੀ ਦੇ ਸੈਲਫ–ਸਰਵ ਅਸੈੱਸਮੈਂਟ ਐਂਡ ਐਪਲੀਕੇਸ਼ਨ ਟੂਲ ’ਤੇ ਜਾਉ। (ਇਹ ਵੈੱਬਸਾਈਟ ਸਿਰਫ ਅੰਗਰੇਜ਼ੀ ਵਿਚ ਹੈ।)

ਵੈਲਫੇਅਰ ਲਈ ਅਪਲਾਈ ਕਰਨ ਬਾਰੇ ਵਿਸਥਾਰ ਵਿਚ ਹਿਦਾਇਤਾਂ ਲੈਣ ਲਈ, ਐੱਲ ਐੱਸ ਐੱਸ ਦੀਆਂ ਲਿਖਤਾਂ *ਹਾਓ ਟੂ ਅਪਲਾਈ ਫਾਰ ਵੈਲਫੇਅਰ* ਅਤੇ *ਅਪਲਾਇੰਗ ਫਾਰ ਵੈਲਫੇਅਰ ਔਨਲਾਈਨ* ਦੇਖੋ ਜੋ ਕਿ mylawbc.com/pubs ’ਤੇ ਉਪਲਬਧ ਹਨ।

# ਜੇ ਮੈਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਨਹੀਂ ਆਉਂਦੀ ਤਾਂ ਕੀ ਹੋਵੇਗਾ?

What if I don't speak English well?

ਜੇ ਤੁਸੀਂ ਅੰਗਰੇਜ਼ੀ ਨਹੀਂ ਸਮਝਦੇ ਜਾਂ ਚੰਗੀ ਤਰ੍ਹਾਂ ਨਹੀਂ ਬੋਲਦੇ ਤਾਂ ਤੁਹਾਨੂੰ ਇਹ ਹੱਕ ਹੈ ਕਿ ਮਨਿਸਟਰੀ ਨਾਲ ਗੱਲਬਾਤ ਕਰਨ ਵੇਲੇ ਤੁਹਾਡੇ ਲਈ ਕੋਈ ਤਰਜ਼ਮਾ ਕਰੇ। ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਜਿੰਨੀ ਵੀ ਛੇਤੀ ਹੋ ਸਕੇ ਮਨਿਸਟਰੀ ਦੇ ਕਿਸੇ ਵਰਕਰ ਨੂੰ ਦੱਸੋ। ਮਨਿਸਟਰੀ ਦੋਭਾਸ਼ੀਏ ਦਾ ਪ੍ਰਬੰਧ ਕਰੇਗੀ ਅਤੇ ਦੋਭਾਸ਼ੀਏ ਦੀਆਂ ਸੇਵਾਵਾਂ ਦਾ ਖਰਚਾ ਦੇਵੇਗੀ।

ਵੈਲਫੇਅਰ ਲਈ ਆਪ ਆ ਕੇ ਅਪਲਾਈ ਕਰਨ ਵੇਲੇ ਤੁਹਾਨੂੰ ਮਦਦ ਲਈ ਕਿਸੇ ਨੂੰ ਆਪਣੇ ਨਾਲ ਦਫਤਰ ਲਿਆਉਣ ਦਾ ਜਾਂ ਫੋਨ 'ਤੇ ਅਪਲਾਈ ਕਰਨ ਵੇਲੇ ਕਿਸੇ ਦੀ ਮਦਦ ਲੈਣ ਦਾ ਹੱਕ ਹੈ। ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਪੁੱਛੋ, ਜਿਵੇਂ ਕਿ ਕੋਈ ਦੋਸਤ, ਰਿਸ਼ਤੇਦਾਰ, ਗੁਆਂਢੀ, ਜਾਂ ਕਮਿਉਨਟੀ ਵਰਕਰ। (ਭਾਵੇਂ ਇਹ ਸੰਭਵ ਵੀ ਹੋਵੇ, ਆਪਣੇ ਸਪੌਂਸਰ ਨੂੰ ਨਾ ਲਿਆਉਣਾ ਹੀ ਬਿਹਤਰ ਹੈ।) ਮਨਿਸਟਰੀ ਨੂੰ ਦੱਸੋ ਕਿ ਤੁਹਾਡੀ ਮਦਦ ਕਰਨ ਵਾਲਾ ਵਿਅਕਤੀ ਕੌਣ ਹੈ।

ਵੈਲਫੇਅਰ ਲਈ ਅਪਲਾਈ ਕਰਨ ਵੇਲੇ, ਤੁਸੀਂ ਤੇਜ਼ੀ ਨਾਲ ਹੱਕਦਾਰੀ ਲਈ ਇੰਟਰਵਿਊ ’ਤੇ ਜਾਣ ਦੇ ਯੋਗ ਹੋ ਸਕਦੇ ਹੋ।

## ਬੁਰੇ ਵਰਤਾਉ ਤੋਂ ਭੱਜ ਰਹੇ ਹੋ?

1 ਕਾਰੋਬਾਰੀ ਦਿਨ ਵਿਚ ਹੱਕਦਾਰੀ ਲਈ ਇੰਟਰਵਿਊ ਦਿਉ

## ਫੌਰੀ ਲੋੜਾਂ ਦਾ ਅਨੁਮਾਨ ਲਈ ਯੋਗ ਹੋ?

ਬਹੁਤ ਜ਼ਰੂਰੀ ਦੇ ਆਧਾਰ ’ਤੇ 5 ਕਾਰੋਬਾਰੀ ਦਿਨਾਂ ਜਾਂ ਘੱਟ ਸਮੇਂ ਵਿਚ ਹੱਕਦਾਰੀ ਲਈ ਇੰਟਰਵਿਊ ਦਿਉ

## ਕੰਮ ਦੀ ਭਾਲ ਤੋਂ ਛੋਟ ਲਈ ਯੋਗ ਹੋ?

5 ਕਾਰੋਬਾਰੀ ਦਿਨਾਂ ਵਿਚ ਹੱਕਦਾਰੀ ਲਈ ਇੰਟਰਵਿਊ ਦਿਉ

ਤੁਹਾਡੀ ਇੰਟਰਵਿਊ ਤੋਂ ਬਾਅਦ, ਮਨਿਸਟਰੀ ਨੂੰ ਅਜੇ ਵੀ ਤੁਹਾਡੇ ਪੇਪਰਾਂ ਦੀ ਤਸਦੀਕ ਕਰਨ ਅਤੇ ਫੈਸਲਾ ਕਰਨ ਦੀ ਲੋੜ ਹੈ।

# ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ
How to apply for welfare

## 1. ਅਰਜ਼ੀ ਫਾਰਮ ਭਰੋ।
Fill out the application form

ਮਨਿਸਟਰੀ ਨਾਲ ਪਹਿਲੀ ਵਾਰ ਸੰਪਰਕ ਕਰਨ ਵੇਲੇ (ਭਾਵੇਂ ਫੋਨ ’ਤੇ, ਦਫਤਰ ਵਿਚ ਜਾ ਕੇ, ਜਾਂ ਔਨਲਾਈਨ — ਸਫਾ 17 ਦੇਖੋ) ਤੁਹਾਨੂੰ **ਵੈਲਫੇਅਰ ਲਈ ਅਰਜ਼ੀ ਫਾਰਮ (ਹਿੱਸਾ 1)** ਭਰਨ ਲਈ ਕਿਹਾ ਜਾਵੇਗਾ। ਜੇ ਤੁਸੀਂ ਦਫਤਰ ਨੂੰ ਜਾਂਦੇ ਹੋ ਤਾਂ ਆਪਣੇ ਨਾਲ ਆਪਣੇ ਸਾਰੇ ਪੇਪਰ ਲੈ ਕੇ ਆਉ। ਜੇ ਤੁਸੀਂ ਫੋਨ ਕਰੋ ਜਾਂ ਔਨਲਾਈਨ ਅਪਲਾਈ ਕਰੋ ਤਾਂ ਇਹ ਨੇੜੇ ਰੱਖੋ।

ਜੇ ਤੁਸੀਂ ਦਫਤਰ ਜਾ ਕੇ ਜਾਂ ਫੋਨ ’ਤੇ ਅਪਲਾਈ ਕਰਦੇ ਹੋ ਤਾਂ ਵੈਲਫੇਅਰ ਲਈ ਅਰਜ਼ੀ ਫਾਰਮ (ਹਿੱਸਾ 1) ਭਰਨ ਅਤੇ ਇਸ ’ਤੇ ਦਸਖਤ ਕਰਨ ਤੋਂ ਬਾਅਦ, ਤੁਹਾਨੂੰ ਜਾਣਕਾਰੀ ਦੇਣ ਵਾਲਾ ਇਕ ਪੈਕਟ ਮਿਲੇਗਾ, ਓਰੀਐਨਟੇਸ਼ਨ ਸੈਸ਼ਨ ਲਈ ਅਪੌਇੰਟਮੈਂਟ ਬਣਾਉਣ ਅਤੇ ਈ ਏ ਡਬਲਯੂ ਨਾਲ ਹੱਕਦਾਰੀ ਦੀ ਇੰਟਰਵਿਊ ਲਈ ਸਮਾਂ ਲੈਣ ਲਈ ਕਿਹਾ ਜਾਵੇਗਾ। ਈ ਏ ਡਬਲਯੂ ਤੁਹਾਨੂੰ ਇਹ ਵੀ ਦੱਸੇਗਾ ਕਿ ਕੀ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਹੈ ਜਾਂ ਨਹੀਂ। ਜੇ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਹੋਵੇ ਤਾਂ ਈ ਏ ਡਬਲਯੂ ਨਾਲ ਤੁਹਾਡੀ ਹੱਕਦਾਰੀ ਦੀ ਇੰਟਰਵਿਊ ਦਾ ਸਮਾਂ ਤੁਹਾਡੇ ਕੰਮ ਦੀ ਭਾਲ ਤੋਂ ਬਾਅਦ ਮਿੱਥਿਆ ਜਾਵੇਗਾ (ਜੇ ਤੁਹਾਡੀ ਕੋਈ ਫੌਰੀ ਲੋੜ ਨਹੀਂ ਹੈ — ਅਗਲਾ ਸਫਾ ਦੇਖੋ)। ਇੰਟਰਵਿਊ ਲਈ ਛੇਤੀ ਤੋਂ ਛੇਤੀ ਦੀ ਅਪੌਇੰਟਮੈਂਟ ਮੰਗੋ।

ਜੇ ਤੁਸੀਂ ਵੈਲਫੇਅਰ ਲਈ ਔਨਲਾਈਨ ਅਪਲਾਈ ਕਰਦੇ ਹੋ ਤਾਂ ਹਿਦਾਇਤਾਂ ਲਈ mylawbc.com/pubs ’ਤੇ ਐੱਲ ਐੱਸ ਐੱਸ ਦੀਆਂ ਲਿਖਤਾਂ *ਹਾਓ ਟੂ ਅਪਲਾਈ ਫਾਰ ਵੈਲਫੇਅਰ* ਅਤੇ *ਅਪਲਾਇੰਗ ਫਾਰ ਵੈਲਫੇਅਰ ਔਨਲਾਈਨ* ਦੇਖੋ।

***ਯਾਦ ਰੱਖੋ:*** ਜੇ ਤੁਸੀਂ ਬੁਰੇ ਵਰਤਾਉ ਤੋਂ ਭੱਜ ਰਹੇ ਹੋਵੋ, ਅਤੇ/ਜਾਂ ਜੇ ਤੁਹਾਡੀ ਖਾਣੇ, ਰਿਹਾਇਸ਼, ਜਾਂ ਜ਼ਰੂਰੀ ਮੈਡੀਕਲ ਸੰਭਾਲ ਦੀ ਕੋਈ ਫੌਰੀ ਲੋੜ ਹੋਵੇ ਤਾਂ ਇਸ ਬਾਰੇ ਛੇਤੀ ਤੋਂ ਛੇਤੀ ਮਨਿਸਟਰੀ ਨੂੰ ਦੱਸੋ।

ਜੇ ਤੁਸੀਂ ਬੁਰੇ ਵਰਤਾਉ ਤੋਂ ਭੱਜ ਰਹੇ ਹੋਵੋ ਤਾਂ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਅਤੇ ਹੱਕਦਾਰੀ ਲਈ ਤੁਹਾਡੀ ਇੰਟਰਵਿਊ ***ਇਕ ਕਾਰੋਬਾਰੀ ਦਿਨ ਦੇ ਵਿਚ*** ਹੋਣੀ ਚਾਹੀਦੀ ਹੈ।

ਜੇ ਤੁਹਾਡੀ ਕੋਈ ਫੌਰੀ ਲੋੜ ਹੋਵੇ ਤਾਂ ਮਨਿਸਟਰੀ ਨੂੰ ਕਹੋ ਕਿ ਤੁਹਾਡੇ ਹੱਕਦਾਰੀ ਦੀ ਇੰਟਰਵਿਊ ਲਈ ਉਡੀਕ ਕਰਨ ਦੌਰਾਨ ਉਹ ਤੁਹਾਡੀ ਲੋੜ ਪੂਰੀ ਕਰੇ। ਇੰਟਰਵਿਊ ***ਬਹੁਤ ਜ਼ਰੂਰੀ ਦੇ ਆਧਾਰ 'ਤੇ ਪੰਜ ਕਾਰੋਬਾਰੀ ਦਿਨਾਂ ਜਾਂ ਘੱਟ ਸਮੇਂ ਵਿਚ*** ਲਈ ਜਾਵੇਗੀ।

ਜੇ ਮਨਿਸਟਰੀ ਇਸ ਗੱਲ ਨਾਲ ਸਹਿਮਤ ਹੁੰਦੀ ਹੈ ਕਿ ਤੁਹਾਡੀ ਕੋਈ ਫੌਰੀ ਲੋੜ ਹੈ ਪਰ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਹੈ (ਸਫਾ 23 ਦੇਖੋ) ਤਾਂ ਤੁਸੀਂ ਅਜਿਹਾ ਕਰਨ ਵੇਲੇ ਆਰਜ਼ੀ ਹਾਰਡਸ਼ਿਪ ਅਸਿਸਟੈਂਸ (ਤੰਗੀ ਵਿਚ ਸਹਾਇਤਾ) ਲੈ ਸਕਦੇ ਹੋ। ਜੇ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਨਹੀਂ ਹੈ ਅਤੇ ਤੁਸੀਂ ਬਾਕੀ ਸਾਰੀ ਕਸੌਟੀ ਪੂਰੀ ਕਰਦੇ ਹੋਵੋ ਤਾਂ ਤੁਹਾਨੂੰ ਆਪਣੀ ਹੱਕਦਾਰੀ ਦੀ ਇੰਟਰਵਿਊ ਤੋਂ ਬਾਅਦ ਆਮ ਵੈਲਫੇਅਰ ਬੈਨੇਫਿਟਸ ਛੇਤੀ ਮਿਲਣੇ ਸ਼ੁਰੂ ਹੋ ਜਾਣੇ ਚਾਹੀਦੇ ਹਨ।

## 2. ਓਰੀਐਨਟੇਸ਼ਨ ਕਰੋ

Have an orientation

ਬਹੁਤੇ ਲੋਕਾਂ ਨੂੰ ਮਨਿਸਟਰੀ ਵਲੋਂ ਹੱਕਦਾਰੀ ਦੀ ਇੰਟਰਵਿਊ ਦਾ ਸਮਾਂ ਨਿਸ਼ਚਤ ਕੀਤੇ ਜਾਣ ਤੋਂ ਪਹਿਲਾਂ, **ਓਰੀਐਨਟੇਸ਼ਨ** ਮੁਕੰਮਲ ਕਰਨ ਦੀ ਲੋੜ ਹੁੰਦੀ ਹੈ। ਓਰੀਐਨਟੇਸ਼ਨ ਦਾ ਮਤਲਬ ਵੈਲਫੇਅਰ ਬਾਰੇ ਜਾਣਕਾਰੀ ਲੈਣਾ ਅਤੇ ਇਹ ਜਾਣਨਾ ਹੈ ਕਿ ਆਪਣੀ ਹੱਕਦਾਰੀ ਲਈ ਇੰਟਰਵਿਊ ਵਿਚ ਤੁਹਾਨੂੰ ਕਿਹੜੇ ਪੇਪਰ ਲਿਆਉਣ ਦੀ ਲੋੜ ਹੈ।

ਜੇ ਤੁਸੀਂ ਵੈਲਫੇਅਰ ਲਈ ਫੋਨ 'ਤੇ ਜਾਂ ਆਪ ਜਾ ਕੇ ਅਪਲਾਈ ਕਰਦੇ ਹੋ ਤਾਂ ਈ ਏ ਡਬਲਯੂ ਤੁਹਾਡੇ ਨਾਲ ਓਰੀਐਨਟੇਸ਼ਨ ਕਰੇਗਾ। ਜੇ ਤੁਸੀਂ ਕੰਪਿਊਟਰ 'ਤੇ ਅਪਲਾਈ ਕਰਦੇ ਹੋ ਤਾਂ ਇਹ ਤੁਹਾਡੀ ਔਨਲਾਈਨ ਅਰਜ਼ੀ ਦਾ ਹਿੱਸਾ ਹੋਵੇਗੀ।

***ਤੁਹਾਨੂੰ ਓਰੀਐਨਟੇਸ਼ਨ ਕਰਨ ਦੀ ਲੋੜ ਨਹੀਂ ਹੈ ਜੇ:***

- ਤੁਹਾਡੀ ਉਮਰ 65 ਸਾਲ ਜਾਂ ਜ਼ਿਆਦਾ ਹੈ; ਜਾਂ
- ਤੁਹਾਡੀ ਮਾਨਸਿਕ ਜਾਂ ਸਰੀਰਕ ਹਾਲਤ ਇਹੋ ਜਿਹੀ ਹੈ ਜਿਹੜੀ ਤੁਹਾਨੂੰ ਓਰੀਐਨਟੇਸ਼ਨ ਕਰਨ ਤੋਂ ਰੋਕਦੀ ਹੈ।

ਜੇ ਤੁਸੀਂ ਇਹ ਸੋਚਦੇ ਹੋ ਕਿ ਤੁਹਾਡੇ ਕੋਲ ਕੋਈ ਚੰਗਾ ਕਾਰਨ ਹੈ ਜਿਸ ਕਰਕੇ ਤੁਹਾਨੂੰ ਓਰੀਐਨਟੇਸ਼ਨ ਨਹੀਂ ਕਰਨੀ ਚਾਹੀਦੀ ਤਾਂ ਇਸ ਬਾਰੇ ਈ ਏ ਡਬਲਯੂ ਨੂੰ ਦੱਸੋ। ਤੁਸੀਂ ਇਸ ਬਾਰੇ ਈ ਏ ਡਬਲਯੂ ਨੂੰ ਦੱਸਣ ਵਿਚ ਮਦਦ ਲਈ 40 – 48 ਸਫਿਆਂ 'ਤੇ ਦਰਜ ਕਿਸੇ ਗਰੁੱਪ ਤੋਂ ਵੀ ਪੁੱਛ ਸਕਦੇ ਹੋ।

# 3. ਕੰਮ ਦੀ ਭਾਲ ਕਰੋ

Do a work search

ਜੇ ਤੁਸੀਂ ਬੀ ਸੀ ਵਿਚ ਪਹਿਲਾਂ ਕਦੇ ਵੈਲਫੇਅਰ ਬੈਨੇਫਿਟਸ ਨਹੀਂ ਲਏ ਤਾਂ ਤੁਹਾਨੂੰ ਆਮ ਤੌਰ 'ਤੇ ਪੰਜ ਹਫਤੇ ਲਈ **ਕੰਮ ਦੀ ਭਾਲ** ਕਰਨ ਦੀ ਲੋੜ ਹੈ। (ਜੇ ਤੁਸੀਂ ਪਹਿਲਾਂ ਵੈਲਫੇਅਰ ਲਿਆ ਹੈ ਤਾਂ ਕੰਮ ਦੀ ਭਾਲ ਤਿੰਨ ਹਫਤੇ ਹੈ)।

ਜੇ ਤੁਹਾਨੂੰ ਕੰਮ ਦੀ ਭਾਲ ਕਰਨੀ ਪੈਣੀ ਹੈ ਤਾਂ ਮਨਿਸਟਰੀ ਦਾ ਸਟਾਫ ਤੁਹਾਨੂੰ ਇਹ ਜਾਣਕਾਰੀ ਦੇਵੇਗਾ ਕਿ ਕੰਮ ਕਿਵੇਂ ਲੱਭਣਾ ਹੈ, ਅਤੇ ਤੁਹਾਨੂੰ ਫਾਰਮ ਦੇਵੇਗਾ ਜਿਹੜੇ ਤੁਹਾਨੂੰ ਇਹ ਸਾਬਤ ਕਰਨ ਲਈ ਭਰਨ ਦੀ ਲੋੜ ਹੈ ਕਿ ਤੁਸੀਂ ਕੰਮ ਦੀ ਵਾਜਬ ਭਾਲ ਕੀਤੀ ਹੈ। ਕੰਮ ਲੱਭਣ ਲਈ ਤੁਸੀਂ ਜੋ ਕੁਝ ਕੀਤਾ ਹੈ ਅਤੇ ਤੁਸੀਂ ਕੰਮ ਲਈ ਕਿੱਥੇ ਅਪਲਾਈ ਕੀਤਾ ਹੈ, ਇਸ ਦਾ ਸਾਰਾ ਸਬੂਤ ਕੋਲ ਰੱਖੋ।

ਜੇ ਮਨਿਸਟਰੀ ਇਹ ਫੈਸਲਾ ਕਰਦੀ ਹੈ ਕਿ ਤੁਹਾਡੀ ਕੋਈ ਫੌਰੀ ਲੋੜ ਹੈ ਅਤੇ ਤੁਹਾਡੇ ਲਈ ਕੰਮ ਦੀ ਭਾਲ ਕਰਨਾ ਜ਼ਰੂਰੀ ਹੈ ਤਾਂ ਕੰਮ ਲੱਭਣ ਦੌਰਾਨ ਤੁਹਾਨੂੰ ਆਰਜ਼ੀ "ਤੰਗੀ ਵਿਚ ਸਹਾਇਤਾ" ਦੇ ਪੈਸੇ ਮਿਲਣਗੇ।

***ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਨਹੀਂ ਹੈ ਜੇ:***

- ਤੁਸੀਂ ਬੁਰਾ ਵਰਤਾਉ ਕਰਨ ਵਾਲੇ ਸਪਾਉਸ (ਪਤੀ/ਪਤਨੀ) ਜਾਂ ਰਿਸ਼ਤੇਦਾਰ ਨੂੰ ਛੱਡ ਰਹੇ ਹੋ (ਸਫਾ 14 ਦੇਖੋ),
- ਤੁਸੀਂ ਮਨਿਸਟਰੀ ਨੂੰ ਇਹ ਸਾਬਤ ਕਰਦੇ ਹੋ ਕਿ ਤੁਸੀਂ ਪਹਿਲਾਂ ਹੀ ਆਪਣੀ ਅਰਜ਼ੀ ਫਾਰਮ ਦਾ ਹਿੱਸਾ 1 ਕਰਨ ਤੋਂ ਪਹਿਲਾਂ ਦੇ 30 ਦਿਨਾਂ ਵਿਚ ਸਰਗਰਮੀ ਨਾਲ ਕੰਮ ਦੀ ਭਾਲ ਕੀਤੀ ਹੈ,
- ਤੁਹਾਡੀ ਕੋਈ ਸਰੀਰਕ ਜਾਂ ਦਿਮਾਗੀ ਹਾਲਤ ਹੈ ਜਿਹੜੀ ਮਨਿਸਟਰੀ ਦੇ ਖਿਆਲ ਵਿਚ ਤੁਹਾਨੂੰ ਕੰਮ ਦੀ ਭਾਲ ਕਰਨ ਤੋਂ ਰੋਕਦੀ ਹੈ (ਉਦਾਹਰਣ ਲਈ, ਤੁਸੀਂ ਗਰਭਵਤੀ ਹੋ, ਹਸਪਤਾਲ ਵਿਚ ਹੋ, ਜਾਂ ਕੋਈ ਗੰਭੀਰ ਬੀਮਾਰੀ ਹੈ),
- ਤੁਸੀਂ ਹੀ ਸਿਰਫ ਹੋ ਜਿਹੜੇ ਤਿੰਨ ਸਾਲ ਤੋਂ ਘੱਟ ਉਮਰ ਦੀ ਬੱਚੇ ਦੀ ਸੰਭਾਲ ਕਰ ਰਹੇ ਹੋ, ਜਾਂ
- ਤੁਸੀਂ 65 ਸਾਲ ਜਾਂ ਜ਼ਿਆਦਾ ਉਮਰ ਦੇ ਹੋ।

ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਸ੍ਰੇਣੀ ਵਿਚ ਆਉਂਦੇ ਹੋ ਤਾਂ ਕੋਈ ਵੀ ਉਹ ਪੇਪਰ ਵੈਲਫੇਅਰ ਲਈ ਪਹਿਲਾਂ ਅਪਲਾਈ ਕਰਨ ਵੇਲੇ ਨਾਲ ਲੈ ਕੇ ਜਾਉ ਜਿਹੜਾ ਇਹ ਸਾਬਤ ਕਰਨ ਵਿਚ ਤੁਹਾਡੀ ਮਦਦ ਕਰ ਸਕੇ। ਜੇ ਤੁਹਾਨੂੰ ਕੰਮ ਦੀ ਭਾਲ ਕਰਨ ਦੀ ਲੋੜ ਨਹੀਂ ਹੈ ਤਾਂ ਮਨਿਸਟਰੀ ਵੈਲਫੇਅਰ ਲਈ ਤੁਹਾਡੀ ਹੱਕਦਾਰੀ ਦੀ ਇੰਟਰਵਿਊ ***ਪੰਜ ਕਾਰੋਬਾਰੀ ਦਿਨਾਂ ਵਿਚ ਕਰੇਗੀ*** (ਜਾਂ ਜੇ ਤੁਸੀਂ ਬੁਰੇ ਵਰਤਾਉ ਤੋਂ ਭੱਜ ਰਹੇ ਹੋਵੋ ਤਾਂ ਸਿਰਫ ***ਇਕ ਕਾਰੋਬਾਰੀ ਦਿਨ ਵਿਚ)***।

# 4. ਹੱਕਦਾਰੀ ਦੀ ਇੰਟਰਵਿਊ ਲਈ ਜਾਉ

Have an eligibility interview

ਈ ਏ ਡਬਲਯੂ ਨਾਲ ਤੁਹਾਡੀ ਹੱਕਦਾਰੀ ਦੀ ਇੰਟਰਵਿਊ ਵੇਲੇ, ਉਹ ਤੁਹਾਡੇ ਤੋਂ ਇਹ ਪੁੱਛੇਗਾ/ਪੁੱਛੇਗੀ:

- ਤੁਹਾਡੀ ਕੰਮ ਦੀ ਭਾਲ ਦਾ ਸਬੂਤ (ਜੇ ਤੁਹਾਨੂੰ ਇੰਟਰਵਿਊ ਤੋਂ ਪਹਿਲਾਂ ਕਰਨੀ ਪਈ ਹੈ), ਅਤੇ
- ਤੁਹਾਡੇ ਅਤੇ ਤੁਹਾਡੇ ਸਪੌਂਸਰ ਬਾਰੇ ਆਮ ਜਾਣਕਾਰੀ।

ਤੁਹਾਨੂੰ ਈ ਏ ਡਬਲਯੂ ਨੂੰ ਇਹ ਵੀ ਦੇਣੇ ਪੈਣਗੇ:

- ਨਿੱਜੀ ਪਛਾਣ ਪੱਤਰ (ਆਈ ਡੀ);
- ਪਹਿਲੀ ਮਾਇਕ ਆਜ਼ਾਦੀ (ਕੰਮ ਅਤੇ ਪੜ੍ਹਾਈ ਦੀ ਹਿਸਟਰੀ) ਦਾ ਸਬੂਤ, ਜੇ ਤੁਹਾਨੂੰ ਇਸ ਸ਼ਰਤ ਤੋਂ ਛੋਟ ਨਹੀਂ ਦਿੱਤੀ ਗਈ ਹੈ (ਜ਼ਿਆਦਾ ਜਾਣਕਾਰੀ ਲਈ ਸਫਾ 26 ਦੇਖੋ);
- ਮਾਇਕ ਜਾਣਕਾਰੀ, ਅਤੇ
- ਸਪੌਂਸਰਸ਼ਿਪ ਬਾਰੇ ਜਾਣਕਾਰੀ ਸਮੇਤ ਸਪੌਂਸਰਸ਼ਿਪ ਟੁੱਟਣ ਬਾਰੇ ਵੇਰਵਿਆਂ ਦੇ।

ਤੁਹਾਡੀ ਅਰਜ਼ੀ ’ਤੇ ਫੈਸਲਾ ਤੇਜ਼ੀ ਨਾਲ ਹੋਵੇਗਾ ਜੇ ਤੁਸੀਂ ਪੇਪਰ ਇੰਟਰਵਿਊ ਵੇਲੇ ਆਪਣੇ ਨਾਲ ਲਿਆਉਂਦੇ ਹੋ। ਤੁਸੀਂ ਇੰਟਰਵਿਊ ਫੋਨ ’ਤੇ ਕਰ ਸਕਦੇ ਹੋ, ਜਾਂ ਤੁਸੀਂ ਮਨਿਸਟਰੀ ਦੇ ਦਫਤਰ ਜਾ ਸਕਦੇ ਹੋ। ਜੇ ਤੁਸੀਂ ਔਨਲਾਈਨ ਅਪਲਾਈ ਕਰਦੇ ਹੋ ਤਾਂ ਤੁਸੀਂ ਲੋੜੀਂਦੇ ਪੇਪਰ ਅਪਲੋਡ ਕਰਨ ਦੇ ਯੋਗ ਹੋ ਸਕਦੇ ਹੋ ਅਤੇ ਕੋਈ ਈ ਏ ਡਬਲਯੂ ਫਿਰ ਇਨ੍ਹਾਂ ’ਤੇ ਵਿਚਾਰ ਕਰੇਗਾ।

ਜੇ ਤੁਸੀਂ ਦਫਤਰ ਜਾਂਦੇ ਹੋ ਤਾਂ ਈ ਏ ਡਬਲਯੂ ਨੂੰ ਕਹੋ ਕਿ ਉਹ ਤੁਹਾਡੇ ਵਲੋਂ ਲਿਆਂਦੇ ਪੇਪਰਾਂ ਦੀ ਕਾਪੀ ਕਰ ਲਵੇ ਤਾਂ ਜੋ ਤੁਸੀਂ ਅਸਲੀ ਪੇਪਰ ਕੋਲ ਰੱਖ ਸਕੋ। ਈ ਏ ਡਬਲਯੂ ਤੁਹਾਨੂੰ ਕੁਝ ਲਿਖਤੀ ਜਾਣਕਾਰੀ ਵੀ ਦੇਵੇਗਾ।

ਜੇ ਇੰਟਰਵਿਊ ਫੋਨ ’ਤੇ ਹੋਣੀ ਹੈ ਤਾਂ ਈ ਏ ਡਬਲਯੂ ਲਿਖਤੀ ਜਾਣਕਾਰੀ ਦੇਣ ਦੀ ਬਜਾਏ ਤੁਹਾਨੂੰ ਕੁਝ ਚੀਜ਼ਾਂ ਪੜ੍ਹ ਕੇ ਸੁਣਾਏਗਾ। (ਤੁਸੀਂ ਈ ਏ ਡਬਲਯੂ ਨੂੰ ਪੇਪਰ ਕਾਪੀਆਂ ਭੇਜਣ ਲਈ ਕਹਿ ਸਕਦੇ ਹੋ ਜੇ ਤੁਸੀਂ ਇਹ ਚਾਹੁੰਦੇ ਹੋਵੋ।) ਫੋਨ ’ਤੇ ਇੰਟਰਵਿਊ ਖਤਮ ਹੋ ਜਾਣ ਤੋਂ ਬਾਅਦ, ਤੁਹਾਨੂੰ ਆਪਣੀ ਆਈ ਡੀ ਮਨਿਸਟਰੀ ਦੇ ਕਿਸੇ ਦਫਤਰ ਵਿਚ ਲਿਜਾਣ ਦੀ ਲੋੜ ਪਵੇਗੀ (ਜਾਂ ਗਵਰਮੈਂਟ ਸਰਵਿਸ ਬੀ ਸੀ ਸੈਂਟਰ ਵਿਚ)।

ਜਾਂ ਤੁਸੀਂ ਆਪਣੀ ਪਛਾਣ ਸਾਬਤ ਕਰਨ ਅਤੇ ਉਸ ਵਿਅਕਤੀ ਅੱਗੇ ਮਨਿਸਟਰੀ ਦੇ ਫਾਰਮਾਂ ਦੇ ਦਸਖ਼ਤ ਕਰਨ ਲਈ ਕਿਸੇ ਹੋਰ "ਭਰੋਸੇਯੋਗ ਤੀਜੀ ਧਿਰ" ਕੋਲ ਲਿਜਾਣ ਦੇ ਯੋਗ ਹੋ ਸਕਦੇ ਹੋ ਜਿਵੇਂ ਕਿ ਕੋਈ ਹੋਰ ਸਰਕਾਰੀ ਵਰਕਰ, ਜਾਂ ਕੋਈ ਡਾਕਟਰ, ਨਰਸ, ਜਾਂ ਰਜਿਸਟਰਿਡ ਸੋਸ਼ਲ ਵਰਕਰ।

ਭਾਵੇਂ ਤੁਸੀਂ ਫੋਨ 'ਤੇ ਇੰਟਰਵਿਊ ਦਿੰਦੇ ਹੋ ਜਾਂ ਆਪ ਜਾ ਕੇ ਦਿੰਦੇ ਹੋ, *ਜੇ ਆਪਣੀ ਇੰਟਰਵਿਊ ਵੇਲੇ ਤੁਹਾਡੇ ਕੋਲ ਸਾਰੇ ਪੇਪਰ ਨਾ ਹੋਣ* ਤਾਂ ਈ ਏ ਡਬਲਯੂ ਤੋਂ ਉਨ੍ਹਾਂ ਸਾਰੇ ਪੇਪਰਾਂ ਦੀ ਲਿਸਟ ਮੰਗੋ ਜਿਨ੍ਹਾਂ ਦੀ ਉਨ੍ਹਾਂ ਨੂੰ ਅਜੇ ਵੀ ਲੋੜ ਹੈ। ਇਹ ਪਤਾ ਲਾਉ ਕਿ ਇਹ ਪੇਪਰ ਮਨਿਸਟਰੀ ਤੱਕ ਪਹੁੰਚਾਉਣ ਲਈ ਤੁਹਾਡੇ ਕੋਲ ਕਿੰਨਾ ਸਮਾਂ ਹੈ। ਜੇ ਤੁਹਾਨੂੰ ਹੋਰ ਸਮੇਂ ਦੀ ਲੋੜ ਹੋਵੇ ਤਾਂ ਈ ਏ ਡਬਲਯੂ ਨੂੰ ਦੱਸੋ। ਜੇ ਤੁਸੀਂ ਮਨਿਸਟਰੀ ਨੂੰ ਸਾਰੀ ਜਾਣਕਾਰੀ ਸਮੇਂ ਸਿਰ ਨਹੀਂ ਦਿੰਦੇ ਤਾਂ ਇਹ ਤੁਹਾਡੀ ਫਾਇਲ ਬੰਦ ਕਰ ਸਕਦੀ ਹੈ (ਤੁਹਾਡੀ ਅਰਜ਼ੀ ਕੈਂਸਲ ਕਰ ਸਕਦੀ ਹੈ), ਅਤੇ ਤੁਹਾਨੂੰ ਦੁਬਾਰਾ ਸ਼ੁਰੂ ਕਰਨਾ ਅਤੇ ਦੁਬਾਰਾ ਅਪਲਾਈ ਕਰਨਾ ਪਵੇਗਾ।

## *ਨਿੱਜੀ ਪਛਾਣ*

*Personal identification*

ਈ ਏ ਡਬਲਯੂ ਨਾਲ ਇੰਟਰਵਿਊ ਵੇਲੇ ਤੁਹਾਨੂੰ ਇਹ ਚੀਜ਼ਾਂ ਤਿਆਰ ਰੱਖਣ ਦੀ ਲੋੜ ਹੈ:

- ਤੁਹਾਡੇ ਇਮੀਗਰੇਸ਼ਨ ਦੇ *ਸਾਰੇ* ਪੇਪਰ (ਉਦਾਹਰਣ ਲਈ, ਤੁਹਾਡੇ ਪੱਕੇ ਵਸਨੀਕ ਦੇ ਪੇਪਰ ਦੀ ਤਸਦੀਕ, ਪ੍ਰਮਾਨੈਂਟ ਰੈਜ਼ੀਡੈਂਟ ਕਾਰਡ, ਅਤੇ/ਜਾਂ ਰਿਕਾਰਡ ਆਫ ਲੈਂਡਿੰਗ);
- **ਫੋਟੋ ਵਾਲਾ ਪਛਾਣ ਪੱਤਰ** (ਆਈ ਡੀ) ਜਿਵੇਂ ਕਿ ਤੁਹਾਡਾ ਪ੍ਰਮਾਨੈਂਟ ਰੈਜ਼ੀਡੈਂਟ ਕਾਰਡ, ਡਰਾਈਵਰ ਦਾ ਲਾਇਸੰਸ, ਤੁਹਾਡਾ ਬੀ ਸੀ ਆਈ ਡੀ ਕਾਰਡ (ਬੀ ਸੀ ਮੋਟਰ ਵਹੀਕਲਜ਼ ਬਰਾਂਚ ਤੋਂ ਮਿਲਿਆ), ਪਾਸਪੋਰਟ, ਜਾਂ ਫੋਟੋ ਵਾਲੇ ਇਮੀਗੇਰਸ਼ਨ ਦੇ ਅਸਲੀ ਪੇਪਰ;
- ਪਛਾਣ ਦਾ ਇਕ ਹੋਰ ਪੱਤਰ (ਆਈ ਡੀ) ਜਿਸ 'ਤੇ ਫੋਟੋ ਹੋਣੀ ਜ਼ਰੂਰੀ ਨਹੀਂ ਹੈ, ਜਿਵੇਂ ਕਿ ਤੁਹਾਡਾ ਜਨਮ ਦਾ ਸਰਟੀਫਿਕੇਟ, ਇਮੀਗਰੇਸ਼ਨ ਦੇ ਅਸਲੀ ਪੇਪਰ, ਕਰੈਡਿਟ ਕਾਰਡ, ਜਾਂ ਬੈਂਕ ਕਾਰਡ;
- ਤੁਹਾਡਾ **ਸੋਸ਼ਲ ਇਨਸ਼ੋਰੈਂਸ ਨੰਬਰ** (SIN) ਕਾਰਡ, ਜਾਂ ਤੁਹਾਡੇ ਸਿਨ ਦਾ ਸਬੂਤ, ਜੇ ਤੁਹਾਡੇ ਕੋਲ ਆਪਣਾ ਕਾਰਡ ਨਹੀਂ ਹੈ; ਅਤੇ
- ਤੁਹਾਡਾ ਬੀ ਸੀ ਕੇਅਰ ਕਾਰਡ ਜਾਂ ਬੀ ਸੀ ਸਰਵਿਸਿਜ਼ ਕਾਰਡ (ਜੇ ਤੁਹਾਡੇ ਕੋਲ ਹੈ)।

ਜੇ ਤੁਸੀਂ ਆਪਣੇ ਬੱਚਿਆਂ, ਜਾਂ ਕਿਸੇ ਹੋਰ ਨਿਰਭਰ ਵਿਅਕਤੀ ਲਈ ਵੀ ਵੈਲਫੇਅਰ ਲੈਣ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਹਰ ਨਿਰਭਰ ਵਿਅਕਤੀ ਦੀ ਪਛਾਣ ਦਾ ਇਕ ਪੱਤਰ ਜ਼ਰੂਰ ਲਿਆਉਣਾ ਪਵੇਗਾ (ਉਦਾਹਰਣ ਲਈ, ਜਨਮ ਦਾ ਸਰਟੀਫਿਕੇਟ ਜਾਂ ਬੀ ਸੀ ਕੇਅਰ ਕਾਰਡ)। ਇਸ 'ਤੇ ਫੋਟੋ ਹੋਣਾ ਜ਼ਰੂਰੀ ਨਹੀਂ ਹੈ।

ਜੇ ਤੁਹਾਡੇ ਕੋਲ ਆਪਣਾ ਸਿਨ ਕਾਰਡ ਨਹੀਂ ਹੈ ਤਾਂ ਕੋਈ ਅਸਲੀ ਪੇਪਰ ਨਾਲ ਲੈ ਕੇ ਆਉ ਜਿਸ ਉੱਤੇ ਤੁਹਾਡਾ ਨਾਂ ਅਤੇ ਸੋਸ਼ਲ ਇਨਸ਼ੋਰੈਂਸ ਨੰਬਰ ਹੋਵੇ ਜਿਵੇਂ ਕਿ ਤੁਹਾਡੇ ਇਨਕਮ ਟੈਕਸ ਦੇ ਪੇਪਰ (ਰੀਟਰਨ) ਜਾਂ ਸਰਕਾਰ ਤੋਂ ਆਈ ਕੋਈ ਹੋਰ ਚਿੱਠੀ।

ਜਾਂ, ਜੇ ਤੁਹਾਡੇ ਕੋਲ ਪਹਿਲਾਂ ਸਿਨ ਕਾਰਡ ਨਾ ਹੋਵੇ (ਜਾਂ ਤੁਸੀਂ ਬਦਲਣਾ ਚਾਹੁੰਦੇ ਹੋਵੋ) ਤਾਂ ਨਵੇਂ ਜਾਂ ਬਦਲਵੇਂ ਸਿਨ ਕਾਰਡ ਲਈ ਅਪਲਾਈ ਕਰਨ ਲਈ ਸਰਵਿਸ ਕੈਨੇਡਾ ਦੇ ਕਿਸੇ ਸੈਂਟਰ ਨਾਲ ਸੰਪਰਕ ਕਰੋ। ਮਨਿਸਟਰੀ ਦੇ ਕੁਝ ਦਫਤਰਾਂ ਵਿਚ ਵੀ ਸਿਨ ਕਾਰਡਾਂ ਲਈ ਅਰਜ਼ੀ ਫਾਰਮ ਹੁੰਦੇ ਹਨ। ਤੁਹਾਡਾ ਪਹਿਲਾ ਸਿਨ ਕਾਰਡ ਮੁਫਤ ਮਿਲਦਾ ਹੈ। ਬਦਲਵਾਂ ਸਿਨ ਕਾਰਡ ਲੈਣ ਲਈ 10 ਡਾਲਰ ਦੀ ਫੀਸ ਹੈ। ਜੇ ਤੁਸੀਂ ਇਹ ਖਰਚਾ ਨਾ ਦੇ ਸਕਦੇ ਹੋਵੋ ਤਾਂ ਤੁਸੀਂ ਇਹ ਖਰਚਾ ਮਨਿਸਟਰੀ ਨੂੰ ਦੇਣ ਲਈ ਕਹਿ ਸਕਦੇ ਹੋ।

ਜੇ ਤੁਹਾਡੇ ਕੋਲ ਵੈਲਫੇਅਰ ਲਈ ਯੋਗ ਹੋਣ ਲਈ ਕੋਈ ਆਈ ਡੀ ਨਹੀਂ ਹੈ, ਪਰ ਤੁਸੀਂ ਇਸ ਲਈ ਹੋਰ ਸਾਰੀ ਕਸੌਟੀ ਪੂਰੀ ਕਰਦੇ ਹੋ ਤਾਂ ਮਨਿਸਟਰੀ ਦੀ ਮੰਗ ਵਾਲੀ ਆਈ ਡੀ ਲੈਣ ਦੌਰਾਨ ਤੁਸੀਂ ਛੇ ਮਹੀਨਿਆਂ ਤੱਕ ਤੰਗੀ ਵਿਚ ਸਹਾਇਤਾ ਲੈਣ ਦੇ ਯੋਗ ਹੋਣੇ ਚਾਹੀਦੇ ਹੋ।

## *ਪਹਿਲੀ ਮਾਇਕ ਆਜ਼ਾਦੀ (ਪੜ੍ਹਾਈ ਅਤੇ ਕੰਮ ਦੀ ਹਿਸਟਰੀ) ਦਾ ਸਬੂਤ*

*Proof of previous financial independence (education and work history)*

ਇਸ ਤੋਂ ਪਹਿਲਾਂ ਕਿ ਕੋਈ ਹੱਕਦਾਰੀ ਲਈ ਇੰਟਰਵਿਊ ਕਰਵਾ ਸਕੇ, ਬਹੁਤੇ ਲੋਕਾਂ ਨੂੰ ਇਹ ਸਾਬਤ ਕਰਨ ਲਈ ਕਿਹਾ ਜਾਵੇਗਾ ਕਿ ਉਹ ਮਨਿਸਟਰੀ ਨੂੰ ਸਾਬਤ ਕਰਨ ਕਿ:

- ਉਨ੍ਹਾਂ ਨੇ ਦੋ ਸਾਲ ਲਗਾਤਾਰ, ਹਰ ਸਾਲ ਵਿਚ ਘੱਟੋ ਘੱਟ 840 ਘੰਟੇ ਕੰਮ ਕੀਤਾ ਹੈ,
- ਦੋ ਸਾਲ ਲਗਾਤਾਰ, ਹਰ ਸਾਲ ਵਿਚ ਘੱਟੋ ਘੱਟ 7,000 ਡਾਲਰ ਕਮਾਏ ਹਨ, ਜਾਂ
- ਦੋ ਸਾਲਾਂ ਦੇ ਸਮੇਂ ਦੌਰਾਨ ਕੁਝ ਸਮਾਂ ਕੰਮ ਕੀਤਾ ਹੈ, ਅਤੇ ਇਨ੍ਹਾਂ ਦੋ ਸਾਲਾਂ ਵਿਚ ਬਾਕੀ ਸਮਾਂ ਇਮਪਲੌਏਮੈਂਟ ਇਨਸ਼ੋਰੈਂਸ ਲਿਆ ਹੈ ਜਾਂ ਕੋਈ ਹੋਰ ਆਮਦਨ ਹੋਈ ਹੈ (ਵੈਲਫੇਅਰ ਜਾਂ ਕੋਈ ਟਰੇਨਿੰਗ ਅਲਾਊਂਸ ਨਹੀਂ)।

ਇਸ ਵਿਚ ਕਿਸੇ ਵੀ ਦੇਸ਼ ਵਿਚ ਕਿਸੇ ਵੀ ਸਮੇਂ ਕੀਤਾ ਕੰਮ ਵੀ ਸ਼ਾਮਲ ਹੋ ਸਕਦਾ ਹੈ।

ਆਪਣੇ ਕੰਮ ਦਾ ਸਬੂਤ ਦੇਣ ਦਾ ਸੱਭ ਤੋਂ ਸੌਖਾ ਤਰੀਕਾ ਟੀ 4 (ਠ4) ਸਲਿੱਪ, ਕੰਮ ਦਾ ਰਿਕਾਰਡ (ਆਰ ਓ ਈ) ਜਾਂ ਆਪਣੇ ਪਹਿਲੇ ਕੰਮਾਂ ਨਾਲ ਸੰਬੰਧਿਤ ਕੋਈ ਹੋਰ ਪੇਪਰ ਦੇਣਾ

ਹੈ। ਜੇ ਤੁਹਾਡੇ ਕੋਲ ਸਿਰਫ ਇਹ ਰਿਕਾਰਡ ਹੀ ਹਨ ਤਾਂ ਤੁਸੀਂ ਆਪਣੇ ਕੰਮ ਦੇ ਮਾਲਕਾਂ ਤੋਂ ਚਿੱਠੀਆਂ ਵੀ ਲੈ ਕੇ ਦੇ ਸਕਦੇ ਹੋ। ਜੇ ਤੁਸੀਂ ਕੋਈ ਹੋਰ ਸਬੂਤ ਨਹੀਂ ਲੈ ਸਕਦੇ ਤਾਂ ਤੁਸੀਂ ਇਕ ਡੈਕਲਾਰੇਸ਼ਨ ’ਤੇ ਦਸਤਖਤ ਕਰਨ ਦੇ ਵੀ ਯੋਗ ਹੋ ਸਕਦੇ ਹੋ (ਤੱਥਾਂ ਵਾਲਾ ਪੇਪਰ ਤਿਆਰ ਕਰ ਸਕਦੇ ਹੋ ਅਤੇ ਸਹੁੰ ਚੁੱਕ ਸਕਦੇ ਹੋ ਕਿ ਜਾਣਕਾਰੀ ਸਹੀ ਹੈ)।

ਇਸ ਚੀਜ਼ ਦਾ ਕੋਈ ਫਰਕ ਨਹੀਂ ਹੈ ਕਿ ਦੋ ਸਾਲਾਂ ਲਈ ਤੁਸੀਂ ਕਿੱਥੇ ਅਤੇ ਕਦੋਂ ਕੰਮ ਕੀਤਾ। ਤੁਸੀਂ ਲੰਮਾ ਸਮਾਂ ਪਹਿਲਾਂ ਕੀਤੇ ਕੰਮ ਨੂੰ ਵੀ ਗਿਣ ਸਕਦੇ ਹੋ। ਤੁਸੀਂ ਕਿਸੇ ਹੋਰ ਦੇਸ਼ ਵਿਚ ਕੀਤਾ ਕੰਮ ਵੀ ਗਿਣ ਸਕਦੇ ਹੋ।

***ਦੋ ਸਾਲ ਕੰਮ ਦੇ ਤਜਰਬੇ ਦਾ ਨਿਯਮ ਤੁਹਾਡੇ ’ਤੇ ਲਾਗੂ ਨਹੀਂ ਹੁੰਦਾ ਜੇ:***

- ਤੁਸੀਂ ਪਿਛਲੇ ਛੇ ਮਹੀਨਿਆਂ ਵਿਚ, ਬੁਰਾ ਵਰਤਾਉ ਕਰਨ ਵਾਲੇ ਸਪਾਉਸ ਜਾਂ ਰਿਸ਼ਤੇਦਾਰ ਤੋਂ ਬਚਣ ਲਈ ਘਰ ਛੱਡਿਆ ਹੈ ਅਤੇ ਮਨਿਸਟਰੀ ਨੂੰ ਇਹ ਵਿਸ਼ਵਾਸ਼ ਹੈ ਕਿ ਇਸ ਨਾਲ ਤੁਹਾਡੇ ਕੰਮ ਕਰਨ ਦੀ ਸਮਰਥਾ ਸੀਮਤ ਹੁੰਦੀ ਹੈ;
- ਤੁਹਾਡੇ ’ਤੇ ਨਿਰਭਰ ਬੱਚੇ ਹਨ ਜਾਂ ਜੇ ਤੁਸੀਂ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨਾਲ ਪ੍ਰਬੰਧ ਰਾਹੀਂ ਬੱਚਿਆਂ ਦੀ ਸੰਭਾਲ ਕਰ ਰਹੇ ਹੋ (ਜਿਵੇਂ ਕਿ ਫੌਸਟਰ ਬੱਚੇ);
- ਬੀਤੇ ਸਮੇਂ ਵਿਚ ਦੋ ਸਾਲਾਂ ਲਈ ਤੁਹਾਡੀ ਮਦਦ ਰੁਜ਼ਗਾਰ ’ਤੇ ਲੱਗੇ ਸਪਾਉਸ ਨੇ ਕੀਤੀ ਸੀ;
- ਬੀਤੇ ਸਮੇਂ ਵਿਚ ਦੋ-ਸਾਲ ਵਿਚ ਕੁਝ ਸਮੇਂ ਲਈ ਮਦਦ ਸਪਾਉਸ ਨੇ ਕੀਤੀ ਸੀ ਅਤੇ ਬਾਕੀ ਸਮੇਂ ਦੌਰਾਨ ਇਮਪਲੌਏਮੈਂਟ ਇਨਸ਼ੋਰੈਂਸ ਜਾਂ ਆਮਦਨ ਦੇ ਕਿਸੇ ਹੋਰ ਸਾਧਨ ’ਤੇ ਸੀ;
- ਤੁਹਾਨੂੰ ਕੋਈ ਬੀਮਾਰੀ ਹੈ ਜਿਹੜੀ ਤੁਹਾਨੂੰ ਅਗਲੇ 30 ਦਿਨਾਂ ਲਈ ਕੰਮ ਕਰਨ ਤੋਂ ਰੋਕਦੀ ਹੈ, ਜਾਂ ਜਿਸ ਨੇ ਤੁਹਾਨੂੰ ਪਿਛਲੇ ਦੋ ਸਾਲਾਂ ਵਿਚ ਘੱਟੋ ਘੱਟ ਛੇ ਮਹੀਨਿਆਂ ਲਈ ਕੰਮ ਕਰਨ ਤੋਂ ਰੋਕਿਆ ਹੈ;
- ਤੁਸੀਂ ਗਰਭਵਤੀ ਹੋ;
- ਦੋ ਸਾਲ ਦੀ ਡਿਗਰੀ ਜਾਂ ਡਿਪਲੋਮਾ ਲਿਆ ਹੈ, ਜਾਂ ਉਚੇਰੀ ਡਿਗਰੀ ਲਈ ਹੈ;
- ਤੁਹਾਡੀ ਉਮਰ 19 ਸਾਲ ਤੋਂ ਘੱਟ ਹੈ;
- ਤੁਹਾਡੇ ਕੰਮ ਕਰਨ ਦੇ ਰਾਹ ਵਿਚ ਕਈ ਰੁਕਾਵਟਾਂ ਹਨ ਜਾਂ ਤੁਸੀਂ ਅਪਾਹਜ ਵਿਅਕਤੀਆਂ ਨੂੰ ਮਿਲਣ ਵਾਲੇ **ਡਿਸਏਬਿਲਟੀਜ਼ ਬੈਨੇਫਿਟਸ** ਲਈ ਅਪਲਾਈ ਕਰ ਰਹੇ ਹੋ;
- ਤੁਸੀਂ ਸਰੀਰਕ ਜਾਂ ਮਾਨਸਿਕ ਬੀਮਾਰੀ ਵਾਲੇ ਸਪਾਉਸ ਦੀ ਸੰਭਾਲ ਕਰ ਰਹੇ ਹੋ ਜੋ ਤੁਹਾਨੂੰ ਕੰਮ ਲਈ ਘਰ ਤੋਂ ਜਾਣ ਤੋਂ ਰੋਕਦੀ ਹੈ;
- ਪਿਛਲੇ ਦੋ ਸਾਲਾਂ ਵਿੱਚੋਂ ਛੇ ਮਹੀਨੇ ਜੇਲ੍ਹ ਵਿਚ ਸੀ; ਜਾਂ

- ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਜਾਂ ਇਹੋ ਜਿਹੀ ਕਿਸੇ ਹੋਰ ਏਜੰਸੀ ਦੀ ਸੰਭਾਲ ਵਿਚ ਸੀ, ਜਾਂ 19 ਸਾਲ ਦੀ ਉਮਰ ਤੱਕ ਤੁਹਾਡਾ ਯੂਥ ਐਗਰੀਮੈਂਟ ਹੋਇਆ ਸੀ।

ਭਾਵੇਂ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਗਰੁੱਪ ਵਿਚ ਨਾ ਵੀ ਆਉਂਦੇ ਹੋਵੋ, ਤੁਸੀਂ ਅਜੇ ਵੀ ਵੈਲਫੇਅਰ ਲੈ ਸਕਦੇ ਹੋ ਜੇ ਮਨਿਸਟਰੀ ਇਹ ਯਕੀਨ ਕਰਦੀ ਹੋਵੇ ਕਿ ਤੁਸੀਂ ਦੋ ਸਾਲਾਂ ਲਈ ਆਪਣੀ ਮਦਦ ਵਾਜਬ ਤੌਰ ’ਤੇ ਨਹੀਂ ਕਰ ਸਕਣਾ ਸੀ, ਜਿਸ ਵਿਚ ਤੁਹਾਡੀ ਆਪਣੀ ਗਲਤੀ ਨਹੀਂ ਸੀ ਅਤੇ ਜੇ ਤੁਹਾਨੂੰ ਵੈਲਫੇਅਰ ਨਾ ਮਿਲਦਾ ਤਾਂ ਤੁਹਾਡੇ ਲਈ ਬਹੁਤ ਔਖਾ ਸਮਾਂ ਹੋਣਾ ਸੀ।

## *ਵਿੱਤੀ ਜਾਣਕਾਰੀ*

*Financial information*

ਈ ਏ ਡਬਲਯੂ ਨਾਲ ਆਪਣੀ ਇੰਟਰਵਿਊ ਵਿਚ ਤੁਹਾਨੂੰ ਆਪਣੀ ਆਮਦਨ ਅਤੇ **ਜਾਇਦਾਦ** (ਬੱਚਤਾਂ ਅਤੇ ਜਿਹੜੀਆਂ ਚੀਜ਼ਾਂ ਤੁਹਾਡੀਆਂ ਹਨ) ਬਾਰੇ ਜਾਣਕਾਰੀ ਲਿਆਉਣੀ ਪਵੇਗੀ। ਈ ਏ ਡਬਲਯੂ ਤੁਹਾਡੇ ਤੋਂ ਹੇਠ ਲਿਖੀਆਂ ਚੀਜ਼ਾਂ ਵਿਚੋਂ ਕੋਈ ਵੀ ਚੀਜ਼ ਮੰਗ ਸਕਦਾ ਹੈ:

- ਬੈਂਕ ਦੀਆਂ ਸਟੇਟਮੈਂਟਾਂ ਜਾਂ ਬੈਂਕ ਦੀਆਂ ਪਾਸ ਬੁੱਕਾਂ (ਇਹ ਤਾਜ਼ੀਆਂ ਹੋਣੀਆਂ ਜ਼ਰੂਰੀ ਹਨ ਅਤੇ ਇਨ੍ਹਾਂ ਉੱਤੇ ਪਿਛਲੇ ਦੋ ਤੋਂ ਛੇ ਮਹੀਨਿਆਂ ਦਾ ਹਿਸਾਬ ਹੋਣਾ ਚਾਹੀਦਾ ਹੈ)
- ਜੇ ਤੁਹਾਡੀ ਕੈਨੇਡਾ ਵਿਚ ਕੋਈ ਹੋਰ ਜਾਇਦਾਦ ਹੈ ਤਾਂ ਉਸ ਬਾਰੇ ਜਾਣਕਾਰੀ
- ਦੂਜੇ ਦੇਸ਼ਾਂ ਵਿਚ ਬੱਚਤਾਂ ਬਾਰੇ ਜਾਂ ਤੁਹਾਡੀ ਜਾਇਦਾਦ ਬਾਰੇ ਜਾਣਕਾਰੀ
- ਕੈਨੇਡਾ ਰੈਵੇਨਿਊ ਏਜੰਸੀ (Canada Revenue Agency) ਤੋਂ ਤੁਹਾਡਾ ਸਭ ਤੋਂ ਤਾਜ਼ਾ ਨੋਟਿਸ ਆਫ ਅਸੈੱਸਮੈਂਟ
- ਤਨਖਾਹ ਦੀਆ ਕੋਈ ਤਾਜ਼ਾ ਰਸੀਦਾਂ
- ਜੇ ਤੁਸੀਂ ਹੁਣੇ ਹੁਣੇ ਕੰਮ ਛੱਡਿਆ ਹੈ ਤਾਂ ਰਿਕਾਰਡ ਆਫ ਇਮਪਲੌਏਮੈਂਟ (ਆਰ ਓ ਈ)
- ਜਿਹੜੇ ਪੈਸੇ ਤੁਹਾਨੂੰ ਸਰਕਾਰ ਤੋਂ ਮਿਲਦੇ ਹਨ (ਜਾਂ ਮਿਲ ਸਕਦੇ ਹਨ) ਉਨ੍ਹਾਂ ਬਾਰੇ ਜਾਣਕਾਰੀ, ਜਿਵੇਂ ਕਿ ਕੈਨੇਡਾ ਚਾਇਲਡ ਟੈਕਸ ਬੈਨੇਫਿਟਸ, ਜੀ ਐੱਸ ਟੀ ਕਰੈਡਿਟ, ਇਮਪਲੌਏਮੈਂਟ ਇਨਸ਼ੋਰੈਂਸ, ਵਰਕਸੇਫ ਬੀਸੀ ਬੈਨੇਫਿਟਸ, ਜਾਂ ਕੈਨੇਡਾ ਪੈਨਸ਼ਨ ਪਲੈਨ ਬੈਨੇਫਿਟਸ
- ਉਹ ਪੇਪਰ ਜਿਹੜੇ ਤੁਹਾਡੇ ਸਾਬਕਾ ਸਪਾਉਸ ਤੋਂ ਤੁਹਾਡੀ ਸਹਾਇਤਾ ਕਰਨ ਵਾਲੇ ਪੈਸਿਆਂ ਬਾਰੇ ਦਿਖਾਉਂਦੇ ਹਨ (ਜਿਸ ਨੂੰ ਸੁਪਾਉਜ਼ਲ ਸੁਪੋਰਟ ਕਹਿੰਦੇ ਹਨ)

- ਤੁਹਾਡੀਆਂ ਰਜਿਸਟਰਿਡ ਰਿਟਾਇਰਮੈਂਟ ਸੇਵਿੰਗ ਪਲੈਨਾਂ (ਆਰ ਆਰ ਐੱਸ ਪੀਜ਼), ਗੁਰਾਂਟਿਡ ਇਨਵੈਸਟਮੈਂਟ ਸਰਟੀਫਿਕੇਟਾਂ (ਜੀ ਆਈ ਸੀਜ਼), ਟਰੱਸਟ ਫੰਡਾਂ ਆਦਿ ਬਾਰੇ ਜਾਣਕਾਰੀ

ਜੇ ਤੁਹਾਡੇ ਕੋਲ ਅਦਾਲਤ ਦਾ ਆਰਡਰ ਜਾਂ ਸੈਪਾਰੇਸ਼ਨ ਐਗਰੀਮੈਂਟ ਨਹੀਂ ਹੈ ਜਿਹੜਾ ਤੁਹਾਨੂੰ ਆਪਣੇ ਸਾਬਕਾ ਸਪਾਉਸ ਤੋਂ ਸਹਾਇਤਾ ਲਈ (ਤੁਹਾਡੇ ਲਈ ਜਾਂ ਤੁਹਾਡੇ ਬੱਚਿਆਂ ਲਈ) ਪੈਸੇ ਲੈਣ ਦਾ ਹੱਕ ਦਿੰਦਾ ਹੈ ਤਾਂ ਤੁਸੀਂ ਇਹ ਲੈਣ ਲਈ ਮਨਿਸਟਰੀ ਤੋਂ ਕਾਨੂੰਨੀ ਮਦਦ ਮੰਗ ਸਕਦੇ ਹੋ। ਤੁਸੀਂ ਮਨਿਸਟਰੀ ਤੋਂ ਇਸ ਚੀਜ਼ ਲਈ ਵੀ ਕਾਨੂੰਨੀ ਮਦਦ ਮੰਗ ਸਕਦੇ ਹੋ ਜੇ ਤੁਹਾਡੇ ਕੋਲ ਸਪਾਉਜ਼ਲ ਜਾਂ ਚਾਇਲਡ ਸੁਪੋਰਟ ਲਈ ਪਹਿਲਾਂ ਹੀ ਆਰਡਰ ਜਾਂ ਐਗਰੀਮੈਂਟ ਹੈ, ਪਰ ਤੁਸੀਂ ਉਨ੍ਹਾਂ ਪੇਮੈਂਟਾਂ ਵਿਚ ਵਾਧੇ ਲਈ ਕਹਿਣਾ ਚਾਹੁੰਦੇ ਹੋ। ਜੇ ਤੁਹਾਨੂੰ ਆਪਣੀ ਸੁਰੱਖਿਆ ਬਾਰੇ ਡਰ ਲੱਗਦਾ ਹੈ ਅਤੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਸਾਬਕਾ ਸਪਾਉਸ ਨੂੰ ਪਤਾ ਲੱਗੇ ਕਿ ਤੁਸੀਂ ਕਿੱਥੇ ਹੋ ਤਾਂ ਇਹ ਜਾਣਨ ਲਈ ਕਿਸੇ ਵਕੀਲ ਜਾਂ ਕਮਿਉਨਟੀ ਵਰਕਰ ਨਾਲ ਵਿਚਾਰ ਕਰੋ ਕਿ ਕੀ ਮਨਿਸਟਰੀ ਤੋਂ ਕਾਨੂੰਨੀ ਮਦਦ ਮੰਗਣਾ ਤੁਹਾਡੇ ਲਈ ਇਕ ਚੰਗਾ ਖਿਆਲ ਹੈ ਜਾਂ ਨਹੀਂ।

## *ਸਪੌਂਸਰਸ਼ਿਪ ਬਾਰੇ ਜਾਣਕਾਰੀ*
*Sponsorship information*

ਤੁਹਾਨੂੰ ਆਪਣੀ ਸਪੌਂਸਰਸ਼ਿਪ ਬਾਰੇ ਈ ਏ ਡਬਲਯੂ ਨੂੰ ਜਾਣਕਾਰੀ ਦੇਣੀ ਪਵੇਗੀ ਅਤੇ ਇਹ ਦੱਸਣਾ ਪਵੇਗਾ ਕਿ ਇਹ ਕਿਉਂ ਟੁੱਟੀ। ਇਹ ਇਸ ਕਰਕੇ ਹੈ ਕਿਉਂਕਿ ਤੁਹਾਡਾ ਸਪੌਂਸਰਸ਼ਿਪ ਦਾ ਐਗਰੀਮੈਂਟ ਆਮਦਨ ਦਾ ਇਕ ਸੰਭਵ ਵਸੀਲਾ ਹੋ ਸਕਦਾ ਹੈ, ਅਤੇ ਤੁਸੀਂ ਉਦੋਂ ਤੱਕ ਵੈਲਫੇਅਰ ਨਹੀਂ ਲੈ ਸਕਦੇ ਜਦ ਤੱਕ ਤੁਸੀਂ ਇਹ ਨਹੀਂ ਦਿਖਾ ਦਿੰਦੇ ਕਿ ਤੁਹਾਡੀ ਆਮਦਨ ਦਾ ਕੋਈ ਹੋਰ ਵਸੀਲਾ ਨਹੀਂ ਹੈ। ਜਿੰਨੀ ਛੇਤੀ ਤੁਸੀਂ ਇਹ ਜਾਣਕਾਰੀ ਆਪਣੇ ਈ ਏ ਡਬਲਯੂ ਨੂੰ ਦੇਵੋਗੇ, ਓਨਾ ਛੇਤੀ ਹੀ ਮਨਿਸਟਰੀ ਇਹ ਫੈਸਲਾ ਕਰੇਗੀ ਕਿ ਕੀ ਤੁਸੀਂ ਵੈਲਫੇਅਰ ਲਈ ਹੱਕਦਾਰ ਹੋ।

ਈ ਏ ਡਬਲਯੂ ਤੁਹਾਨੂੰ ਪਿਛੋਕੜ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਪੁੱਛੇਗਾ:

- ਤੁਹਾਡੇ ਸਪੌਂਸਰ ਦਾ ਪੂਰਾ ਨਾਂ, ਅਤੇ ਸਪੌਂਸਰ ਦੇ ਕੋਈ ਹੋਰ ਨਾਂ ਜਿਨ੍ਹਾਂ ਦੀ ਉਹ ਵਰਤੋਂ ਕਰ ਸਕਦਾ ਹੈ,
- ਤੁਹਾਡੇ ਸਪੌਂਸਰ ਦਾ ਐਡਰੈਸ ਅਤੇ ਫੋਨ ਨੰਬਰ, ਅਤੇ
- ਤੁਹਾਡੇ ਸਪੌਂਸਰ ਦੇ ਕੰਮ ਦਾ ਐਡਰੈਸ।

ਸਪੌਂਸਰਸ਼ਿਪ ਦੇ ਟੁੱਟਣ ਬਾਰੇ ਜੇ ਤੁਹਾਡੇ ਕੋਲ ਕੋਈ ਸਬੂਤ ਹੋਵੇ ਤਾਂ ਉਹ ਆਪਣੇ ਨਾਲ ਲਿਆਉਣਾ ਫਾਇਦੇਮੰਦ ਹੈ। ਜੇ ਤੁਹਾਡੇ ਕੋਲ ਆਪਣੇ ਸਪੌਂਸਰ ਦੀਆਂ ਕੋਈ ਚਿੱਠੀਆਂ ਹੋਣ ਜਾਂ ਕੋਈ ਹੋਰ ਸਬੂਤ ਹੋਣ ਜਿਹੜੇ ਇਹ ਦਿਖਾਉਂਦੇ ਹੋਣ ਕਿ ਉਹ ਤੁਹਾਡੀ ਮਦਦ ਨਹੀਂ ਕਰ ਰਿਹਾ ਤਾਂ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਆਉ। ਜੇ ਤੁਸੀਂ ਈ ਏ ਡਬਲਯੂ ਨੂੰ ਇਹ ਦਿਖਾ ਸਕੋ ਕਿ ਤੁਸੀਂ ਆਪਣੇ ਸਪੌਂਸਰ ਤੋਂ ਮਦਦ ਲੈਣ ਦੀ ਕੋਸ਼ਿਸ਼ ਕੀਤੀ ਹੈ ਤਾਂ ਇਸ ਨਾਲ ਵੀ ਸਹਾਇਤਾ ਮਿਲੇਗੀ। ਉਦਾਹਰਣ ਲਈ, ਤੁਸੀਂ ਆਪਣੇ ਸਪੌਂਸਰ ਨੂੰ ਮਦਦ ਮੰਗਣ ਵਾਲੀ ਚਿੱਠੀ ਲਿਖ ਸਕਦੇ ਹੋ ਅਤੇ ਉਸ ਚਿੱਠੀ ਦੀ ਕਾਪੀ ਮਨਿਸਟਰੀ ਨੂੰ ਦੇ ਸਕਦੇ ਹੋ। ਜੇ ਤੁਸੀਂ ਫੂਡ ਬੈਂਕ, ਆਪਣੇ ਧਾਰਮਿਕ ਅਸਥਾਨ, ਜਾਂ ਕਮਿਉਨਟੀ ਗਰੁੱਪਾਂ ਤੋਂ ਉਦੋਂ ਮਦਦ ਲਈ ਹੈ ਜਦੋਂ ਤੁਹਾਡਾ ਸਪੌਂਸਰ ਤੁਹਾਡੀ ਮਦਦ ਨਹੀਂ ਕਰਦਾ ਸੀ ਤਾਂ ਉਨ੍ਹਾਂ ਥਾਂਵਾਂ ਤੋਂ ਚਿੱਠੀਆਂ ਲਿਆਉਣਾ ਵੀ ਚੰਗਾ ਹੈ ਤਾਂ ਜੋ ਇਹ ਤਸਦੀਕ ਹੋਵੇ ਕਿ ਉਨ੍ਹਾਂ ਨੇ ਤੁਹਾਡੀ ਕਿਹੜੀ ਮਦਦ ਕੀਤੀ ਹੈ।

ਕਦੇ ਕਦੇ, ਮਨਿਸਟਰੀ ਇਹ ਵੀ ਪੁੱਛੇਗੀ ਕਿ ਕੀ ਤੁਸੀਂ ਮਦਦ ਲਈ ਆਪਣੇ ਸਪੌਂਸਰ ’ਤੇ ਮੁਕੱਦਮਾ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਲੋਕਾਂ ਨੂੰ ਮਦਦ ਲਈ ਆਪਣੇ ਸਪੌਂਸਰ ’ਤੇ ਮੁਕੱਦਮਾ ਕਰਨ ਦਾ ਹੱਕ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ ਕਿਉਂਕਿ ਮੁਕੱਦਮਾ ਕਰਨਾ ਅਕਸਰ ਔਖਾ ਹੁੰਦਾ ਹੈ ਅਤੇ ਇਸ ਨੂੰ ਲੰਮਾ ਸਮਾਂ ਲੱਗਦਾ ਹੈ। *ਤੁਹਾਡੇ ਵਲੋਂ ਵੈਲਫੇਅਰ ਲਈ ਅਪਲਾਈ ਕਰਨ ਤੋਂ ਪਹਿਲਾਂ ਆਪਣੇ ਸਪੌਂਸਰ ’ਤੇ ਮੁਕੱਦਮਾ ਕਰਨਾ ਜ਼ਰੂਰੀ ਨਹੀਂ ਹੈ* ਜੇ ਤੁਸੀਂ ਆਪਣੇ ਸਪੌਂਸਰ ’ਤੇ ਮੁਕੱਦਮਾ ਕਰਨ ਦਾ ਫੈਸਲਾ ਕਰਦੇ ਹੋ ਤਾਂ 40 – 48 ਸਫਿਆਂ ’ਤੇ ਦਰਜ ਗਰੁੱਪਾਂ ਵਿਚੋਂ ਕਿਸੇ ਨਾਲ ਗੱਲ ਕਰੋ।

ਜਦੋਂ ਤੁਸੀਂ ਆਪਣੀ ਸਪੌਂਸਰਸ਼ਿਪ ਬਾਰੇ ਮਨਿਸਟਰੀ ਨੂੰ ਜਾਣਕਾਰੀ ਦੇ ਦਿੱਤੀ ਤਾਂ ਮਨਿਸਟਰੀ ਤੁਹਾਡੇ ਸਪੌਂਸਰ ਨਾਲ ਸੰਪਰਕ ਕਰੇਗੀ, ਜੇ ਮਨਿਸਟਰੀ ਇਹ ਯਕੀਨ ਨਾ ਕਰਦੀ ਹੋਵੇ ਕਿ ਤੁਹਾਡੀ ਸੇਫਟੀ ਦੇ ਕੋਈ ਫਿਕਰ ਹਨ (ਸਫਾ 31 ਦੇਖੋ)। ਉਹ ਦੱਸਣਗੇ ਕਿ ਤੁਸੀਂ ਵੈਲਫੇਅਰ ਲਈ ਅਪਲਾਈ ਕੀਤਾ ਹੈ ਅਤੇ ਉਹ ਸਪੌਂਸਰ ਤੋਂ ਪੁੱਛਣਗੇ ਕਿ ਕੀ ਉਹ ਤੁਹਾਡੀ ਮਾਇਕ ਤੌਰ ’ਤੇ ਮਦਦ ਕਰ ਸਕਦਾ ਹੈ ਜਾਂ ਕਰੇਗਾ। ਜੇ ਸਪੌਂਸਰ ਕਹਿੰਦਾ ਹੈ ਕਿ ਉਹ ਤੁਹਾਡੀ ਮਦਦ ਨਹੀਂ ਕਰ ਸਕਦਾ ਤਾਂ ਮਨਿਸਟਰੀ ਵੈਲਫੇਅਰ ਲਈ ਤੁਹਾਡੀ ਅਰਜ਼ੀ ’ਤੇ ਕਾਰਵਾਈ ਕਰਨਾ ਜਾਰੀ ਰੱਖੇਗੀ।

ਜੇ ਤੁਸੀਂ ਮਨਿਸਟਰੀ ਨੂੰ ਆਪਣੀ ਸਪੌਂਸਰਸ਼ਿਪ ਬਾਰੇ ਉਹ ਸਾਰੀ ਜਾਣਕਾਰੀ ਫੌਰਨ ਨਾ ਦੇ ਸਕਦੇ ਹੋਵੋ ਜਿਸ ਦੀ ਉਸ ਨੂੰ ਲੋੜ ਹੈ ਤਾਂ ਉਹ ਜਾਣਕਾਰੀ ਲੈਣ ਲਈ ਤੁਹਾਡੇ ਵਲੋਂ ਚੁੱਕੇ ਜਾਣ ਵਾਲੇ ਕਦਮਾਂ ਦੌਰਾਨ ਤੁਸੀਂ ਮਨਿਸਟਰੀ ਤੋਂ ਆਰਜ਼ੀ “ਤੰਗੀ ਵਿਚ ਸਹਾਇਤਾ” ਦੇ ਪੈਸੇ ਲੈਣ ਦੇ ਯੋਗ ਹੋ ਸਕਦੇ ਹੋ।

## ਜੇ ਮੇਰੇ ਨਾਲ ਬੁਰਾ ਵਰਤਾਉ ਹੋਇਆ ਹੋਵੇ ਤਾਂ ਕੀ ਮੇਰੇ ਸਪੌਂਸਰ ਨਾਲ ਸੰਪਰਕ ਕੀਤਾ ਜਾਣਾ ਜ਼ਰੂਰੀ ਹੈ?

If I've been abused, does there have to be contact with my sponsor?

ਜੇ ਤੁਹਾਡੇ ਸਪੌਂਸਰ ਨੇ ਤੁਹਾਨੂੰ ਧਮਕੀਆਂ ਦਿੱਤੀਆਂ ਹੋਣ ਜਾਂ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਹੋਵੇ ਤਾਂ ਇਸ ਬਾਰੇ ਮਨਿਸਟਰੀ ਨੂੰ ਦੱਸਣਾ ਬਹੁਤ ਜ਼ਰੂਰੀ ਹੈ। ਜੇ ਅਜਿਹਾ ਹੋਇਆ ਹੈ *ਅਤੇ ਮਨਿਸਟਰੀ ਯਕੀਨ ਕਰਦੀ ਹੈ ਕਿ ਤੁਹਾਡੀ ਸੁਰੱਖਿਆ ਦੇ ਫਿਕਰ ਹਨ* ਤਾਂ ਮਨਿਸਟਰੀ ਦੀ ਪਾਲਸੀ ਹੈ ਕਿ:

- ਜਾਣਕਾਰੀ ਲੈਣ ਲਈ ਤੁਹਾਨੂੰ ਆਪਣੇ ਸਪੌਂਸਰ ਨਾਲ ਗੱਲ ਕਰਨ ਜਾਂ ਉਸ ਨੂੰ ਲਿਖਣ ਦੀ ਲੋੜ ਨਹੀਂ ਹੈ; ਅਤੇ
- ਤੁਹਾਡੀ ਸਪੌਂਸਰਸ਼ਿਪ ਬਾਰੇ ਜਾਣਕਾਰੀ ਲੈਣ ਲਈ ਜਾਂ ਇਹ ਦੇਖਣ ਲਈ ਕਿ ਕੀ ਤੁਹਾਡਾ ਸਪੌਂਸਰ ਅਜੇ ਵੀ ਮਾਇਕ ਤੌਰ 'ਤੇ ਤੁਹਾਡੀ ਮਦਦ ਕਰਨ ਦਾ ਖਾਹਸ਼ਮੰਦ ਹੈ ਜਾਂ ਨਹੀਂ, ਮਨਿਸਟਰੀ ਤੁਹਾਡੇ ਸਪੌਂਸਰ ਨਾਲ ਸੰਪਰਕ ਨਹੀਂ ਕਰੇਗੀ।

ਮਨਿਸਟਰੀ ਨੂੰ ਬੁਰਾ ਵਰਤਾਉ ਜਾਂ ਅਣਗਹਿਲੀ ਸਾਬਤ ਕਰਨ ਲਈ ਸਬੂਤ ਇਕੱਠੇ ਕਰੋ ਜਿਵੇਂ ਕਿ ਪੁਲੀਸ ਰਿਪੋਰਟ, ਮੈਡੀਕਲ ਰਿਪੋਰਟ, ਫੋਟੋਆਂ, ਈਮੇਲਾਂ ਅਤੇ ਗਵਾਹਾਂ ਤੋਂ ਚਿੱਠੀਆਂ (ਉਦਾਹਰਣ ਲਈ, ਸ਼ੈਲਟਰ ਦਾ ਸਟਾਫ ਜਾਂ ਹੋਰ ਕਮਿਉਨਟੀ ਵਰਕਰ)।

## ਜੇ ਮੇਰੇ ਇਮੀਗਰੇਸ਼ਨ ਦੇ ਪੇਪਰ ਮੇਰੇ ਸਪੌਂਸਰ ਕੋਲ ਹੋਣ ਤਾਂ ਕੀ ਹੋਵੇਗਾ?

What if my sponsor has my immigration documents?

ਜੇ ਤੁਸੀਂ ਆਪਣੇ ਸਪੌਂਸਰ ਤੋਂ ਆਪਣੇ ਇਮੀਗਰੇਸ਼ਨ ਦੇ ਪੇਪਰ ਮੰਗਣ ਤੋਂ ਡਰਦੇ ਹੋ, ਜਾਂ ਤੁਸੀਂ ਸੋਚਦੇ ਹੋ ਕਿ ਤੁਹਾਡਾ ਸਪੌਂਸਰ ਇਹ ਤੁਹਾਨੂੰ ਨਹੀਂ ਦੇਵੇਗਾ ਤਾਂ ਤੁਸੀਂ ਆਪਣੇ ਪ੍ਰਮਾਨੈਂਟ ਰੈਜ਼ੀਡੈਂਟ ਪੇਪਰਾਂ ਦੀ ਤਸਦੀਕਸ਼ੁਦਾ ਨਕਲ ਲੈਣ ਲਈ ਜਾਂ ਆਪਣੇ ਪ੍ਰਮਾਨੈਂਟ ਰੈਂਜ਼ੀਡੈਂਟ ਕਾਰਡ ਦੀ ਥਾਂ ਹੋਰ ਕਾਰਡ ਲੈਣ ਲਈ ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਕੋਲ ਅਪਲਾਈ ਕਰ ਸਕਦੇ ਹੋ। ਹੋਰ ਜਾਣਕਾਰੀ ਲੈਣ ਲਈ ਉਨ੍ਹਾਂ ਨੂੰ **1-888-242-2100** 'ਤੇ ਫੋਨ ਕਰੋ, ਜਾਂ **cic.gc.ca** 'ਤੇ ਉਨ੍ਹਾਂ ਦੇ ਵੈੱਬਸਾਈਟ 'ਤੇ ਜਾਉ। ਬਦਲਵਾਂ ਕਾਰਡ ਲੈਣ ਦਾ ਖਰਚਾ 50 ਡਾਲਰ ਹੈ। ਜੇ ਤੁਹਾਡੇ ਕੋਲ 50 ਡਾਲਰ ਨਹੀਂ ਹਨ ਤਾਂ ਤੁਸੀਂ ਇਹ ਪੈਸੇ ਮਨਿਸਟਰੀ ਨੂੰ ਦੇਣ ਲਈ ਕਹਿ ਸਕਦੇ ਹੋ। ਕਾਰਡ ਲਈ ਤੁਹਾਨੂੰ ਦੋ ਤੋਂ ਤਿੰਨ ਮਹੀਨੇ ਉਡੀਕ ਕਰਨ ਦੀ ਲੋੜ ਹੋ ਸਕਦੀ ਹੈ।

ਤੁਹਾਡੇ ਸਪੌਂਸਰ ਕੋਲੋਂ ਤੁਹਾਡੇ ਪੇਪਰ ਲੈਣ ਵਿਚ ਪੁਲੀਸ ਤੁਹਾਡੀ ਮਦਦ ਕਰ ਸਕਦੀ ਹੈ। ਕੋਈ ਕਮਿਊਨਟੀ ਵਰਕਰ ਪੁਲੀਸ ਨੂੰ ਤੁਹਾਡੇ ਨਾਲ ਤੁਹਾਡੇ ਸਪੌਂਸਰ ਦੇ ਘਰ ਜਾਣ ਲਈ ਪੁੱਛਣ ਵਿਚ ਮਦਦ ਕਰ ਸਕਦਾ ਹੈ। (40 – 48 ਸਫਿਆਂ ’ਤੇ “ਕੌਣ ਮਦਦ ਕਰ ਸਕਦਾ ਹੈ?” ਦੇਖੋ)। ਪੁਲੀਸ ਤੁਹਾਡੇ ਸਪੌਂਸਰ ਨੂੰ ਤੁਹਾਨੂੰ ਪੇਪਰ ਦੇਣ ਲਈ ਸ਼ਾਇਦ ਮਜ਼ਬੂਰ ਨਹੀਂ ਕਰ ਕਰੇਗੀ, ਪਰ ਉਹ ਇਹ ਗੱਲ ਪੱਕੀ ਕਰ ਸਕਦੇ ਹਨ ਕਿ ਤੁਹਾਡੇ ਉੱਥੇ ਹੋਣ ਵੇਲੇ ਤੁਸੀਂ ਸੁਰੱਖਿਅਤ ਹੋ।

ਆਪਣੇ ਪੇਪਰ ਲੈਣ ਦੀ ਕੋਸ਼ਿਸ਼ ਕਰਨ ਦੌਰਾਨ, ਤੁਸੀਂ ਆਰਜ਼ੀ ਹਾਰਡਸ਼ਿਪ ਅਸਿਸਟੈਂਸ (ਤੰਗੀ ਵਿਚ ਸਹਾਇਤਾ) ਲਈ ਅਪਲਾਈ ਕਰ ਸਕਦੇ ਹੋ ਅਤੇ ਇਹ ਲੈਣਾ ਸ਼ੁਰੂ ਕਰ ਸਕਦੇ ਹੋ, ਭਾਵੇਂ ਤੁਹਾਡੇ ਕੋਲ ਆਪਣੇ ਸਾਰੇ ਆਈ ਡੀ ਪੇਪਰ ਜਾਂ ਤੁਹਾਡਾ ਸੋਸ਼ਲ ਇਨਸ਼ੋਰੈਂਸ ਨੰਬਰ (ਸਿਨ) ਨਾ ਵੀ ਹੋਣ। ਪਰ, ਤੁਹਾਡੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਤੁਸੀਂ ਪੱਕੇ ਵਸਨੀਕ ਹੋ। ਤੁਹਾਨੂੰ ਮਨਿਸਟਰੀ ਨੂੰ ਇਹ ਵੀ ਦਿਖਾਉਣਾ ਪਵੇਗਾ ਕਿ ਤੁਸੀਂ ਆਪਣਾ ਸਿਨ, ਅਤੇ/ਜਾਂ ਪਛਾਣ ਕਰਵਾਉਣ ਵਾਲੇ ਹੋਰ ਪੇਪਰ ਲੈਣ ਲਈ ਹਰ ਉਹ ਚੀਜ਼ ਕਰ ਰਹੇ ਹੋ ਜਿਹੜੀ ਤੁਸੀਂ ਕਰ ਸਕਦੇ ਹੋ (ਸਫਾ 26 ਵੀ ਦੇਖੋ)।

## ਵੈਲਫੇਅਰ ਲਈ ਮੈਨੂੰ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ?

How long do I have to wait to get welfare?

ਤੁਹਾਨੂੰ ਵੈਲਫੇਅਰ ਮਿਲਣਾ ਚਾਹੀਦਾ ਹੈ ਕਿ ਨਹੀਂ ਇਸ ਬਾਰੇ ਮਨਿਸਟਰੀ ਆਮ ਤੌਰ ’ਤੇ ਉਦੋਂ ਤੱਕ ਫੈਸਲਾ ਨਹੀਂ ਕਰੇਗੀ ਜਦ ਤੱਕ:

- ਤੁਸੀਂ ਆਪਣੀ ਅਰਜ਼ੀ ਨਹੀਂ ਭਰਦੇ ਅਤੇ ਸਾਰੇ ਜ਼ਰੂਰੀ ਪੇਪਰ ਮਨਿਸਟਰੀ ਨੂੰ ਨਹੀਂ ਦਿੰਦੇ,
- ਓਰੀਐਨਟੇਸ਼ਨ ਸੈਸ਼ਨ ਪੂਰਾ ਨਹੀਂ ਕਰਦੇ (ਜੇ ਜ਼ਰੂਰੀ ਹੋਵੇ — ਸਫਾ 22 ਦੇਖੋ),
- ਕੰਮ ਦੀ ਭਾਲ ਦੀ ਕਾਰਵਾਈ ਪੂਰੀ ਨਹੀਂ ਕਰਦੇ (ਜੇ ਜ਼ਰੂਰੀ ਹੋਵੇ — ਸਫਾ 23 ਦੇਖੋ),
- ਮਨਿਸਟਰੀ ਨਾਲ ਹੱਕਦਾਰੀ ਦੀ ਇੰਟਰਵਿਊ ਲਈ ਨਹੀਂ ਜਾਂਦੇ, ਅਤੇ
- ਆਪਣੀ ਜਾਣਕਾਰੀ ਦੀ **ਤਸਦੀਕ** ਨਹੀਂ ਕਰਵਾਉਂਦੇ (ਮਨਿਸਟਰੀ ਵਲੋਂ ਚੈੱਕਅੱਪ)।

ਤੁਹਾਡੀ ਜਾਣਕਾਰੀ ਦੀ ਤਸਦੀਕ ਹੋਣ ਤੋਂ ਬਾਅਦ, ਤੁਹਾਡੀ ਵੈਲਫੇਅਰ ਦੀ ਅਰਜ਼ੀ ਬਾਰੇ ਫੈਸਲਾ ਕਰਨ ਲਈ ਮਨਿਸਟਰੀ ਨੂੰ ਇਕ ਹਫਤਾ ਜਾਂ ਜ਼ਿਆਦਾ ਸਮਾਂ ਲੱਗ ਸਕਦਾ ਹੈ। ਜੇ ਤੁਸੀਂ ਮਨਿਸਟਰੀ ਨੂੰ ਸਾਰੇ ਪੇਪਰ ਜਲਦੀ ਨਾ ਦੇ ਸਕਦੇ ਹੋਵੋ ਤਾਂ ਇਸ ਨੂੰ ਜ਼ਿਆਦਾ ਸਮਾਂ ਲੱਗ ਸਕਦਾ ਹੈ।

ਯਾਦ ਰੱਖੋ, ਜੇ ਤੁਹਾਨੂੰ ਫੌਰਨ ਪੈਸਿਆਂ ਦੀ ਲੋੜ ਹੋਵੇ ਤਾਂ ਤੁਸੀਂ ਕਿਸੇ ਵੀ ਸਮੇਂ ਮਨਿਸਟਰੀ ਨੂੰ ਫੌਰੀ ਲੋੜਾਂ ਦੀ ਅਸੈੱਸਮੈਂਟ ਕਰਨ ਲਈ ਕਹਿ ਸਕਦੇ ਹੋ (ਸਫਾ 15 ਦੇਖੋ)।

## ਕੀ ਮਨਿਸਟਰੀ ਵਾਲੇ ਜਾਣਕਾਰੀ ਚੈੱਕ ਕਰਨ ਲਈ ਮੇਰੇ ਘਰ ਆ ਸਕਦੇ ਹਨ?

Can the ministry come to my house to check information?

ਮਨਿਸਟਰੀ ਦੇ ਸਟਾਫ ਨੂੰ ਇਹ ਚੈੱਕ ਕਰਨ ਲਈ ਤੁਹਾਡੇ ਘਰ ਆਉਣ ਦੀ ਆਗਿਆ ਨਹੀਂ ਹੈ ਕਿ ਜਿਹੜੀ ਜਾਣਕਾਰੀ ਤੁਸੀਂ ਉਨ੍ਹਾਂ ਨੂੰ ਦਿੱਤੀ ਹੈ ਕੀ ਉਹ ਸਹੀ ਹੈ ਜਾਂ ਨਹੀਂ। ਮਨਿਸਟਰੀ ਦਾ ਸਟਾਫ ਬਿਨਾਂ ਵਾਰਨਿੰਗ ਦੇ ਸਿਰਫ ਇਹ ਚੈੱਕ ਕਰਨ ਲਈ ਤੁਹਾਡੇ ਘਰ ਆ ਸਕਦਾ ਹੈ ਕਿ ਤੁਸੀਂ ਉੱਥੇ ਰਹਿੰਦੇ ਹੋ ਜਿੱਥੇ ਰਹਿਣ ਬਾਰੇ ਤੁਸੀਂ ਦੱਸਿਆ ਹੈ — ਇਸ ਨੂੰ "ਰੈਜ਼ੀਡੈਂਸੀ ਚੈੱਕ" ਆਖਿਆ ਜਾਂਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਮਨਿਸਟਰੀ ਦੇ ਸਟਾਫ ਨੂੰ ਤੁਹਾਡੀ ਆਗਿਆ ਬਿਨਾਂ ਤੁਹਾਡੇ ਘਰ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਹੈ ਜਾਂ ਜਿਹੜੀ ਜਾਣਕਾਰੀ ਤੁਸੀਂ ਦਿੱਤੀ ਹੈ, ਉਹ ਚੈੱਕ ਕਰਨ ਲਈ ਤੁਹਾਡੇ ਬੱਚਿਆਂ ਨਾਲ ਗੱਲ ਕਰਨ ਦੀ ਆਗਿਆ ਨਹੀਂ ਹੈ। ਕਾਨੂੰਨ ਕਹਿੰਦਾ ਹੈ ਕਿ ਤੁਹਾਡੇ ਲਈ ਮਨਿਸਟਰੀ ਦੇ ਕਿਸੇ ਵਰਕਰ ਨੂੰ ਆਪਣੇ ਘਰ ਦੇ ਅੰਦਰ ਆਉਣ ਦੇਣਾ ਜ਼ਰੂਰੀ ਨਹੀਂ ਹੈ ਜੇ ਤੁਸੀਂ ਅਜਿਹਾ ਕਰਨਾ ਨਹੀਂ ਚਾਹੁੰਦੇ।

ਜੇ ਮਨਿਸਟਰੀ ਦਾ ਸਟਾਫ ਤੁਹਾਨੂੰ ਕੋਈ ਜਾਣਕਾਰੀ ਜਾਂ ਸਰਵਿਸ ਦੇਣ ਲਈ ਤੁਹਾਡੇ ਘਰ ਫੇਰੀ ਮਾਰਨ ਦੀ ਪੇਸ਼ਕਸ਼ ਕਰਦਾ ਹੈ ਤਾਂ ਤੁਹਾਡੇ ਲਈ ਇਸ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਜੇ ਤੁਸੀਂ ਅਜਿਹਾ ਨਹੀਂ ਚਾਹੁੰਦੇ। ਜੇ ਤੁਸੀਂ ਸਹਿਮਤ ਹੁੰਦੇ ਹੋ ਤਾਂ ਸਟਾਫ ਮੈਂਬਰ ਲਈ ਆਉਣ ਤੋਂ ਪਹਿਲਾਂ ਤੁਹਾਡੇ ਨਾਲ ਫੇਰੀ ਦਾ ਸਮਾਂ ਤਹਿ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਤੁਹਾਡੇ ਘਰ ਝਾਤੀਆਂ ਮਾਰਨ ਜਾਂ ਤੁਹਾਡੀ ਹਾਲਤ ਬਾਰੇ ਤੁਹਾਡੇ ਬੱਚਿਆਂ ਤੋਂ ਸਵਾਲ ਪੁੱਛਣ ਦੀ ਆਗਿਆ ਨਹੀਂ ਹੈ।

## ਜਦੋਂ ਮੈਨੂੰ ਵੈਲਫੇਅਰ ਮਿਲ ਰਿਹਾ ਹੋਵੇ ਤਾਂ ਕੀ ਹੁੰਦਾ ਹੈ?

What happens once I'm receiving welfare?

ਜੇ ਤੁਹਾਡੀ ਸਪੌਂਸਰਸ਼ਿਪ ਟੁੱਟ ਗਈ ਹੈ ਤਾਂ ਮਨਿਸਟਰੀ ਤੁਹਾਡੀ ਫਾਇਲ ’ਤੇ ਨੇਮ ਨਾਲ ਵਿਚਾਰ ਕਰੇਗੀ। ਮਨਿਸਟਰੀ ਇਹ ਜਾਣਨਾ ਚਾਹੇਗੀ ਕਿ ਕੀ ਤੁਹਾਡਾ ਸਪੌਂਸਰ ਅਜੇ ਵੀ ਤੁਹਾਡੀ ਮਦਦ ਨਹੀਂ ਕਰ ਸਕਦਾ, ਜਾਂ ਕੀ ਤੁਹਾਡਾ ਸਪੌਂਸਰ ਹੁਣ ਤੁਹਾਡੇ ਖਰਚੇ ਦੇ ਸਕਦਾ ਹੈ।

ਜੇ ਤੁਹਾਡਾ ਸਪੌਂਸਰ ਬੁਰਾ ਵਰਤਾਉ ਕਰਨ ਵਾਲਾ ਸੀ ਅਤੇ ਮਨਿਸਟਰੀ ਤੁਹਾਡੀ ਸੁਰੱਖਿਆ ਦੇ ਫਿਕਰਾਂ ਕਾਰਨ ਤੁਹਾਡੇ ਸਪੌਂਸਰ ਨਾਲ ਸੰਪਰਕ ਨਾ ਕਰਨ ਲਈ ਸਹਿਮਤ ਹੁੰਦੀ ਹੈ ਤਾਂ ਵੀ ਮਨਿਸਟਰੀ ਤੁਹਾਡੀ ਫਾਇਲ ’ਤੇ ਨੇਮ ਨਾਲ ਵਿਚਾਰ ਕਰੇਗੀ। ਮਨਿਸਟਰੀ ਇਹ ਜਾਣਨਾ ਚਾਹੇਗੀ ਕਿ ਕੀ ਅਜੇ ਵੀ ਸੁਰੱਖਿਆ ਇਕ ਫਿਕਰ ਹੈ। ਇਸ ਕਰਕੇ, ਇਹ ਪੱਕਾ ਕਰੋ ਕਿ ਜੇ ਤੁਸੀਂ ਅਜੇ ਵੀ ਸਪੌਂਸਰ ਨਾਲ ਸੰਪਰਕ ਕੀਤੇ ਜਾਣ ’ਤੇ ਆਪਣੀ ਸੁਰੱਖਿਆ ਤੋਂ ਡਰਦੇ ਹੋ ਤਾਂ ਤੁਸੀਂ ਮਨਿਸਟਰੀ ਨੂੰ ਇਸ ਬਾਰੇ ਦੱਸ ਦਿੱਤਾ ਹੈ।

ਤੁਹਾਨੂੰ ਵੈਲਫੇਅਰ ਮਿਲਣ ਵੇਲੇ, ਮਨਿਸਟਰੀ ਤੁਹਾਡੇ ਬੈਨੇਫਿਟਸ ਨਾਲ ਤੁਹਾਨੂੰ ਮਹੀਨਾਵਾਰ ਰਿਪੋਰਟ ਨਾਂ ਦੀ ਚੀਜ਼ ਦੇਵੇਗੀ। ਰਿਪੋਰਟ ਉੱਪਰ ਸਵਾਲ ਹੋਣਗੇ ਜਿਨ੍ਹਾਂ ਦਾ ਜਵਾਬ ਤੁਹਾਡੇ ਲਈ ਅਗਲੇ ਮਹੀਨੇ ਦੀ ਚੈੱਕ ਲੈਣ ਲਈ ਦੇਣਾ ਜ਼ਰੂਰੀ ਹੈ। ਤੁਹਾਨੂੰ ਫਾਰਮ ਭਰਨਾ ਪਵੇਗਾ, ਇਸ ’ਤੇ ਦਸਖਤ ਕਰਨੇ ਪੈਣਗੇ, ਅਤੇ ਮਨਿਸਟਰੀ ਨੂੰ ਵਾਪਸ ਕਰਨਾ ਪਵੇਗਾ। ਰਿਪੋਰਟ ’ਤੇ ਸਵਾਲਾਂ ਦੇ ਜਵਾਬ ਸਹੀ ਤਰ੍ਹਾਂ ਅਤੇ ਸੱਚੋ-ਸੱਚ ਦੇਣਾ ਬਹੁਤ ਜ਼ਰੂਰੀ ਹੈ। ਤੁਹਾਡੇ ਲਈ ਆਪਣੇ ਪੈਸੇ ਮਿਲਣ ਤੋਂ ਬਾਅਦ ਦੇ ਮਹੀਨੇ ਦੇ ਪੰਜਵੇਂ ਦਿਨ ਤੱਕ ਮਹੀਨਾਵਾਰ ਰਿਪੋਰਟ ਮਨਿਸਟਰੀ ਦੇ ਦਫਤਰ ਨੂੰ ਵਾਪਸ ਦੇਣਾ ਜ਼ਰੂਰੀ ਹੈ।

## ਜੇ ਮੈਂ ਵੈਲਫੇਅਰ ਤੇ ਚਲੀ/ਚਲਾ ਜਾਵਾਂ ਤਾਂ ਕੀ ਮੈਂ ਫਿਰ ਵੀ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸਪੌਂਸਰ ਕਰ ਸਕਦੀ/ਸਕਦਾਂ ਹਾਂ?

Can I still sponsor my family members if I go on welfare?

ਆਮ ਵੈਲਫੇਅਰ ’ਤੇ ਹੋਣ ਦੌਰਾਨ, ਤੁਸੀਂ ਕਿਸੇ ਨੂੰ ਕੈਨੇਡਾ ਸੱਦਣ ਲਈ ਸਪੌਂਸਰ ਨਹੀਂ ਕਰ ਸਕਦੇ, ਇੱਥੋਂ ਤੱਕ ਕਿ ਆਪਣੇ ਬੱਚਿਆਂ ਨੂੰ ਵੀ ਨਹੀਂ। ਜਦੋਂ ਤੁਸੀਂ ਆਪਣਾ ਗੁਜ਼ਾਰਾ ਕਰਨ ਦੇ ਯੋਗ ਹੋ ਜਾਉ ਅਤੇ ਪੈਸੇ ਕਮਾਉਣ ਲੱਗ ਪਵੋ ਤਾਂ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸਪੌਂਸਰ ਕਰਨ ਦੇ ਯੋਗ ਹੋ ਸਕਦੇ ਹੋ।

ਜੇ ਤੁਸੀਂ ਡਿਸਏਬਿਲਟੀ ਭੱਤੇ ਲੈ ਰਹੇ ਹੋ (ਜਿਸ ਨੂੰ ਬੈਨੇਫਿਟਸ ਫਾਰ ਪਰਸਨਜ਼ ਵਿਦ ਡਿਸਏਬਿਲਟੀ ਆਖਿਆ ਜਾਂਦਾ ਹੈ) ਜਾਂ ਮਨਿਸਟਰੀ ਤੋਂ ਡਿਸਏਬਿਲਟੀ ਹਾਰਡਸ਼ਿਪ ਬੈਨੇਫਿਟਸ ਲੈ ਰਹੇ ਹੋ ਤਾਂ ਤੁਸੀਂ ਪਰਿਵਾਰ ਦੇ ਯੋਗ ਮੈਂਬਰਾਂ ਨੂੰ ਸਪੌਂਸਰ ਕਰਨ ਲਈ ਅਪਲਾਈ ਕਰ ਸਕਦੇ ਹੋ (ਜ਼ਿਆਦਾ ਜਾਣਕਾਰੀ ਲੈਣ ਲਈ ਸਫਾ 3 ਦੇਖੋ)।

## ਜੇ ਮੇਰੀ ਵੈਲਫੇਅਰ ਦੀ ਅਰਜ਼ੀ ਨਾ ਮੰਨੀ ਜਾਵੇ ਤਾਂ ਮੈਂ ਕੀ ਕਰ ਸਕਦੀ/ਸਕਦਾ ਹਾਂ?

What can I do if my welfare application is turned down?

ਤੁਹਾਨੂੰ ਮਨਿਸਟਰੀ ਵਲੋਂ ਤੁਹਾਡੇ ਵਿਰੁੱਧ ਕੀਤੇ ਗਏ ਬਹੁਤੇ ਫੈਸਲਿਆਂ ਦੀ **ਅਪੀਲ** ਕਰਨ (ਰਿਵੀਊ ਲਈ ਕਹਿਣ) ਦਾ ਹੱਕ ਹੈ। ਜੇ ਤੁਹਾਨੂੰ ਇਹ ਪਤਾ ਲੱਗੇ ਕਿ ਤੁਹਾਡੀ ਵੈਲਫੇਅਰ ਦੀ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਗਈ ਹੈ, ਜਾਂ ਤੁਹਾਡੇ ਭੱਤੇ ਘਟਾ ਦਿੱਤੇ ਗਏ ਹਨ ਜਾਂ ਖਤਮ ਕਰ ਦਿੱਤੇ ਗਏ ਹਨ ਤਾਂ ***40 – 48 ਸਫਿਆਂ 'ਤੇ ਦਰਜ ਗਰੁੱਪਾਂ ਵਿਚੋਂ ਕਿਸੇ ਤੋਂ ਛੇਤੀ ਤੋਂ ਛੇਤੀ ਮਦਦ ਮੰਗਣਾ ਬਹੁਤ ਜ਼ਰੂਰੀ ਹੈ।*** ਇਨ੍ਹਾਂ ਗਰੁੱਪਾਂ ਵਿਚੋਂ ਕਿਸੇ ਗਰੁੱਪ ਦੀ ਮਦਦ ਨਾਲ, ਤੁਸੀਂ ਮਨਿਸਟਰੀ ਦੇ ਵਰਕਰ ਨੂੰ ਇਹ ਬਿਆਨ ਕਰਨ ਦੇ ਯੋਗ ਹੋ ਸਕਦੇ ਹੋ ਕਿ ਤੁਹਾਡੇ ਮੁਤਾਬਕ ਫੈਸਲਾ ਨਾਵਾਜਬ ਕਿਉਂ ਹੈ। ਮਨਿਸਟਰੀ ਦਾ ਫੈਸਲਾ ਬਦਲਾਉਣ ਦਾ ਕਦੇ ਕਦੇ ਇਹ ਇਕ ਤੇਜ਼ ਤਰੀਕਾ ਹੋ ਸਕਦਾ ਹੈ। ਜੇ ਲੋੜ ਹੋਵੇ ਤਾਂ ਇਹ ਗਰੁੱਪ ਮਨਿਸਟਰੀ ਦੇ ਫੈਸਲਿਆਂ ਵਿਰੁੱਧ ਅਪੀਲ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਨ।

ਅਪੀਲ ਦੇ ਦੋ ਪੱਧਰ ਹਨ: ਪਹਿਲੇ ਪੱਧਰ ਦੀ ਅਪੀਲ ਨੂੰ ਮੁੜ-ਵਿਚਾਰ ਲਈ ਬੇਨਤੀ (Reconsideration) ਕਿਹਾ ਜਾਂਦਾ ਹੈ; ਦੂਜੇ ਅਤੇ ਆਖਰੀ ਪੱਧਰ ਦੀ ਅਪੀਲ, ਇਮਪਲੌਏਮੈਂਟ ਐਂਡ ਅਸਿਸਟੈਂਸ ਅਪੀਲ ਟ੍ਰਿਬਿਊਨਲ (Employment and Assistance Appeal Tribunal) ਕੋਲ ਕੀਤੀ ਜਾਂਦੀ ਹੈ। ਤੁਹਾਨੂੰ ਮੁੜ-ਵਿਚਾਰ ਲਈ ਬੇਨਤੀ, ਉਸ ਦਿਨ ਤੋਂ ਬਾਅਦ, ***ਕੰਮ ਕਾਰ ਵਾਲੇ 20 ਦਿਨਾਂ*** ਦੇ ਵਿਚ ਵਿਚ ਕਰਨੀ ਪਵੇਗੀ ਜਦੋਂ ਤੁਹਾਨੂੰ ਇਹ ਦੱਸਿਆ ਗਿਆ ਸੀ ਕਿ ਤੁਹਾਡੀ ਵੈਲਫੇਅਰ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਜੇ ਮੁੜ-ਵਿਚਾਰ (ਰੀਕੌਨਸਿਡਰੇਸ਼ਨ) ਲਈ ਅਪੀਲ ਫੇਲ੍ਹ ਹੋ ਜਾਂਦੀ ਹੈ ਤਾਂ ਤੁਹਾਡੇ ਕੋਲ ਅਪੀਲ ਟ੍ਰਿਬਿਊਨਲ ਨੂੰ ਅਪੀਲ ਕਰਨ ਲਈ ***ਕੰਮ ਕਾਰ ਵਾਲੇ ਸੱਤ ਦਿਨ*** ਹਨ।

ਅਪੀਲ ਕਰਨ ਵੇਲੇ ਤੁਹਾਨੂੰ ਸਮੇਂ ਦੀਆਂ ਹੱਦਾਂ ਦਾ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਜੇ ਤੁਸੀਂ ਕੋਈ ਡੈੱਡਲਾਈਨ (ਅੰਤਮ-ਤਾਰੀਕ) ਤੋਂ ਖੁੰਝ ਜਾਵੋ ਤਾਂ ਤੁਹਾਡੀ ਸਾਰੀ ਅਪੀਲ ਰੱਦ ਹੋ ਜਾਵੇਗੀ, ਅਤੇ ਤੁਹਾਨੂੰ ਵੈਲਫੇਅਰ ਲਈ ਇਕ ਵਾਰ ਫਿਰ ਅਪਲਾਈ ਕਰਨਾ ਪਵੇਗਾ।

ਆਪਣੇ ਵਲੋਂ ਸੱਭ ਤੋਂ ਵਧੀਆ ਅਪੀਲ ਕਰਨਾ ਜ਼ਰੂਰੀ ਹੈ, ਅਤੇ ਕਿਉਂਕਿ ਅਪੀਲ ਕਰਨ ਲਈ ਸਮਾਂ ਘੱਟ ਹੁੰਦਾ ਹੈ, ਇਸ ਕਰਕੇ ਮਦਦ ਲੈਣਾ ਚੰਗੀ ਗੱਲ ਹੈ। ਮਦਦ ਲਈ 40 – 48 ਸਫਿਆਂ 'ਤੇ ਦਰਜ ਗਰੁੱਪਾਂ ਵਿਚੋਂ ਕਿਸੇ ਗਰੁੱਪ ਨੂੰ ਆਖੋ।

## ਜੇ ਮੇਰੀਆਂ ਸਾਰੀਆਂ ਅਪੀਲਾਂ ਰੱਦ ਹੋ ਜਾਣ ਤਾਂ ਕੀ ਹੋਵੇਗਾ?

What if I lose all my appeals?

ਜੇ ਤੁਹਾਡੇ ਦੋਸਤ ਅਤੇ ਪਰਿਵਾਰ ਤੁਹਾਡੀ ਮਦਦ ਨਾ ਕਰ ਸਕਦੇ ਹੋਣ ਤਾਂ ਉਨ੍ਹਾਂ ਲੋਕਾਂ ਤੋਂ ਮਦਦ ਮੰਗੋ ਜਿਨ੍ਹਾਂ ਨੂੰ ਤੁਸੀਂ ਪਹਿਲਾਂ ਹੀ ਜਾਣਦੇ ਹੋ ਜਿਵੇਂ ਕਿ ਚਰਚ, ਗੁਰਦਵਾਰਾ, ਮੰਦਰ ਜਾਂ ਕਮਿਉਨਟੀ ਦੀਆਂ ਸੰਸਥਾਵਾਂ। ਤੁਸੀਂ ਮਨਿਸਟਰੀ ਤੋਂ ਆਰਜ਼ੀ "ਹਾਰਡਸ਼ਿਪ ਅਸਿਸਟੈਂਟ" ਦੇ ਯੋਗ ਵੀ ਹੋ ਸਕਦੇ ਹੋ। ਜਾਂ ਤੁਸੀਂ ਵੈਲਫੇਅਰ ਲਈ ਦੁਬਾਰਾ ਅਪਲਾਈ ਕਰਨ ਦੇ ਯੋਗ ਹੋ ਸਕਦੇ ਹੋ।

ਇਸ ਔਖੀ ਹਾਲਤ ਨਾਲ ਨਜਿੱਠਣ ਦਾ ਬਿਹਤਰ ਤਰੀਕਾ ਕਿਸੇ ਕਮਿਉਨਟੀ ਵਰਕਰ ਦਾ ਤੁਹਾਡੇ ਨਾਲ ਹੋਣਾ ਹੈ। ਅਗਲੇ ਭਾਗ ਵਿਚ ਉਨ੍ਹਾਂ ਸੰਸਥਾਵਾਂ ਅਤੇ ਸੇਵਾਵਾਂ ਦੀ ਲਿਸਟ ਦਿੱਤੀ ਗਈ ਹੈ ਜਿਹੜੀਆਂ ਤੁਹਾਡੇ ਸਪੌਂਸਰਸ਼ਿਪ ਅਤੇ ਵੈਲਫੇਅਰ ਦੇ ਮਸਲਿਆਂ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ।




# ਕੌਣ ਮਦਦ ਕਰ ਸਕਦਾ ਹੈ?

ਕਿਤਾਬ ਦੇ ਇਸ ਭਾਗ ਵਿਚ ਕਾਨੂੰਨੀ ਸੇਵਾਵਾਂ, ਵਿਕਟਿਮ ਸਰਵਿਸ ਵਰਕਰਾਂ, ਅਤੇ ਕਮਿਊਨਟੀ ਅਤੇ ਸੈਟਲਮੈਂਟ ਵਰਕਰਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਹੈ। ਤੁਸੀਂ ਇਨ੍ਹਾਂ ਸੰਸਥਾਵਾਂ ਤੋਂ ਕਾਨੂੰਨੀ ਮਦਦ ਲੈ ਸਕਦੇ ਹੋ, ਵੈਲਫੇਅਰ ਲੈਣ ਵਿਚ ਮਦਦ ਲੈ ਸਕਦੇ ਹੋ, ਅਤੇ ਅਮਲੀ ਅਤੇ ਜਜ਼ਬਾਤੀ ਮਦਦ ਲੈ ਸਕਦੇ ਹੋ।

## ਲੀਗਲ ਏਡ ਲਈ ਅਪਲਾਈ ਕਰੋ

Apply for legal aid

ਲੀਗਲ ਏਡ ਕਈ ਤਰ੍ਹਾਂ ਦੀਆਂ ਮੁਫਤ ਸੇਵਾਵਾਂ ਦਿੰਦੀ ਹੈ (ਸਫਾ 49 ਦੇਖੋ), ਸਮੇਤ ਮਦਦ ਕਰਨ ਵਾਲੇ ਵਕੀਲਾਂ ਦੇ ਜੇ ਤੁਸੀਂ ਹੱਕਦਾਰ ਹੋਵੋ। ਤੁਸੀਂ ਲੀਗਲ ਏਡ ਲਈ ਅਪਲਾਈ ਕਰ ਸਕਦੇ ਹੋ ਜੇ:

- ਤੁਹਾਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੋਵੇ (ਕੈਨੇਡਾ ਤੋਂ ਡੀਪੋਰਟ ਕੀਤਾ ਜਾ ਰਿਹਾ ਹੋਵੇ), ਜਾਂ
- ਤੁਹਾਨੂੰ ਬੁਰਾ ਵਰਤਾਉ ਕਰਨ ਵਾਲੇ ਪਰਿਵਾਰ ਮੈਂਬਰ ਦੇ ਖਿਲਾਫ ਪ੍ਰੋਟੈਕਸ਼ਨ ਆਰਡਰ ਲੈਣ ਵਿਚ ਮਦਦ ਦੀ ਲੋੜ ਹੋਵੇ।

ਇਮੀਗਰੇਸ਼ਨ ਲੀਗਲ ਏਡ ਲਈ, ਸਿੱਧੀ ਇਮੀਗਰੇਸ਼ਨ ਲਾਈਨ ਨੂੰ ਫੋਨ ਕਰੋ:

| | |
|---|---|
| ਗਰੇਟਰ ਵੈਨਕੂਵਰ ਵਿਚ | **604-601-6076** |
| ਬੀ ਸੀ ਵਿਚ ਹੋਰ ਕਿਤਿਉਂ ਵੀ | **1-888-601-6076** (ਮੁਫਤ ਫੋਨ ਕਰੋ) |

ਤੁਸੀਂ ਮੇਨ ਕਾਲ ਸੈਂਟਰ ਨੂੰ ਵੀ ਫੋਨ ਕਰ ਸਕਦੇ ਹੋ:

| | |
|---|---|
| ਗਰੇਟਰ ਵੈਨਕੂਵਰ ਵਿਚ | **604-408-2172** |
| ਬੀ ਸੀ ਵਿਚ ਹੋਰ ਕਿਤਿਉਂ ਵੀ | **1-866-577-2525** (ਮੁਫਤ ਫੋਨ ਕਰੋ) |

ਕਾਨੂੰਨੀ ਜਾਣਕਾਰੀ ਲੈਣ ਲਈ ਅਤੇ ਹੋਰ ਸੇਵਾਵਾਂ ਤੱਕ ਭੇਜੇ ਜਾਣ ਲਈ ਤੁਸੀਂ ਲੀਗਲ ਇਨਫਰਮੇਸ਼ਨ ਆਊਟਰੀਚ ਵਰਕਰ ਨਾਲ ਗੱਲ ਕਰਨ ਲਈ ਪੁੱਛ ਸਕਦੇ ਹੋ। ਆਪਣੇ ਨੇੜੇ ਦੇ ਲੀਗਲ ਏਡ ਦੇ ਦਫਤਰ ਜਾਂ ਤੁਹਾਡੇ ਇਲਾਕੇ ਵਿਚਲੇ ਲੀਗਲ ਏਡ ਦੇ ਕਮਿਊਨਟੀ ਹਿੱਸੇਦਾਰ ਬਾਰੇ ਪਤਾ ਲਾਉਣ ਲਈ **legalaid.bc.ca**`ਤੇ ਜਾਉ (“ਲੀਗਲ ਏਡ” ਹੇਠ “ਲੀਗਲ ਏਡ ਲੋਕੇਸ਼ਨਜ਼” ’ਤੇ ਕਲਿੱਕ ਕਰੋ)।

# ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋਇਆ ਹੋਵੇ

If you’re being abused

## ਵਿਕਟਿਮਲਿੰਕ ਬੀ ਸੀ

VictimLinkBC

ਵਿਕਟਿਮਲਿੰਕ ਬੀ ਸੀ ਇਕ ਮੁਫਤ, ਗੁਪਤ, ਬਹੁਭਾਸ਼ਾਈ ਟੈਲੀਫੋਨ ਸਰਵਿਸ ਹੈ ਜਿਹੜੀ ਕਿ ਬੀ ਸੀ ਅਤੇ ਯੂਕੋਨ ਵਿਚ ਉਪਲਬਧ ਹੈ (ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ)। ਇਹ ਪਰਿਵਾਰਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ, ਆਮ ਜਾਣਕਾਰੀ, ਅਤੇ ਐਮਰਜੰਸੀ ਰਿਹਾਇਸ਼ਾਂ ਜਾਂ ਟ੍ਰਾਜ਼ੀਸ਼ਨ ਹਾਊਸਾਂ ਕੋਲ ਭੇਜਣ ਵਰਗੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।

**1-800-563-0808** (ਮੁਫਤ ਫੋਨ ਕਰੋ)
**victimlinkbc.ca**

## ਬੈਟਰਡ ਵਿਮਨਜ਼ ਸੁਪੋਰਟ ਸਰਵਿਸਿਜ਼

Battered Women’s Support Services

ਜਜ਼ਬਾਤੀ ਮਦਦ, ਜਾਣਕਾਰੀ ਅਤੇ ਅਗਾਂਹ ਭੇਜਣਾ।

| | |
|---|---|
| ਗਰੇਟਰ ਵੈਨਕੂਵਰ ਵਿਚ | **604-687-1867** (ਸੰਕਟ ਲਾਈਨ) |
| ਟੀ ਟੀ ਵਾਈ | **604-687-6732** |
| ਬੀ ਸੀ ਵਿਚ ਹੋਰ ਕਿਤਿਉਂ ਵੀ | **1-855-687-1868** (ਮੁਫਤ ਫੋਨ ਕਰੋ) |

**bwss.org**

## ਬੀ ਸੀ ਸੁਸਾਇਟੀ ਆਫ ਟ੍ਰਾਂਜ਼ੀਸ਼ਨ ਹਾਊਸਿਜ਼ (ਬੀ ਸੀ ਐੱਸ ਟੀ ਐੱਚ)

BC Society of Transition Houses (BCSTH)

ਬੀ ਸੀ ਐੱਸ ਟੀ ਐੱਚ ਮੈਂਬਰਾਂ ਵਲੋਂ ਟ੍ਰਾਂਜ਼ੀਸ਼ਨ ਰਿਹਾਇਸ਼ਾਂ ਦੀ ਲਿਸਟ।

| | |
|---|---|
| ਗਰੇਟਰ ਵੈਨਕੂਵਰ ਵਿਚ | **604-669-6943** |
| ਬੀ ਸੀ ਵਿਚ ਹੋਰ ਕਿਤਿਉਂ ਵੀ | **1-800-661-1040** (ਮੁਫਤ ਫੋਨ ਕਰੋ) |

**bcsth.ca**

## ਬੀ ਸੀ ਹਾਊਜ਼ਿੰਗ
BC Housing

ਸੂਬੇ ਵਿਚ ਉਪਲਬਧ ਐਮਰਜੰਸੀ ਰਿਹਾਇਸ਼ਾਂ, ਟ੍ਰਾਂਜ਼ੀਸ਼ਨ ਹਾਊਸਾਂ ਅਤੇ ਸਬਸਿਡੀ ਵਾਲੀਆਂ ਰਿਹਾਇਸ਼ਾਂ ਦੀ ਲਿਸਟ।

bchousing.org
("ਹਾਊਜ਼ਿੰਗ ਅਸਿਸਟੈਂਸ" 'ਤੇ ਅਤੇ ਫਿਰ "ਵੋਮਿਨ ਫਲੀਇੰਗ ਵਾਇਲੈਂਸ" 'ਤੇ ਕਲਿੱਕ ਕਰੋ)

# ਆਪਣੀ ਬੋਲੀ ਵਿਚ ਮਦਦ ਲੱਭੋ
Find help in your own language

## ਅਮਸਾ
AMSSA

ਅਮਸਾ ਉਨ੍ਹਾਂ ਬਹੁ-ਸਭਿਆਚਾਰਕ ਏਜੰਸੀਆਂ ਦੀ ਇਕ ਐਸੋਸੀਏਸ਼ਨ ਹੈ ਜਿਹੜੀਆਂ ਇਮੀਗਰਾਂਟਾਂ ਨੂੰ ਸੇਵਾਵਾਂ ਦਿੰਦੀਆਂ ਹਨ। ਦੋਭਾਸ਼ੀਏ ਅਤੇ ਅਨੁਵਾਦ ਦੀਆਂ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਦੀ ਲਿਸਟ ਲਈ, amssa.org'ਤੇ ਜਾਉ ਅਤੇ "Membership" ਹੇਠ ਦੇਖੋ ਅਤੇ "AMSSA Members" 'ਤੇ ਕਲਿੱਕ ਕਰੋ। ਤੁਹਾਨੂੰ ਸੂਬੇ ਭਰ ਵਿਚਲੀਆਂ ਉਨ੍ਹਾਂ ਏਜੰਸੀਆਂ ਦੀ ਲਿਸਟ ਮਿਲੇਗੀ ਜਿਹੜੀਆਂ ਤੁਹਾਡੀ ਬੋਲੀ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ।

## ਲਾਅ ਸਟੂਡੈਂਟਸ' ਲੀਗਲ ਅਡਵਾਈਸ ਪ੍ਰੋਗਰਾਮ
Law Students' Legal Advice Program

ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਖੇ ਲਾਅ ਸਟੂਡੈਂਟਸ' ਲੀਗਲ ਅਡਵਾਈਸ ਪ੍ਰੋਗਰਾਮ (ਐੱਲ ਐੱਸ ਐੱਲ ਏ ਪੀ) ਕੋਲ ਅਜਿਹੇ ਵਿਦਿਆਰਥੀ ਹੋ ਸਕਦੇ ਹਨ ਜਿਹੜੇ ਤੁਹਾਡੀ ਬੋਲੀ ਵਿਚ ਮਦਦ ਕਰ ਸਕਦੇ ਹਨ।

604-822-5791
lslap.bc.ca

## ਵੈੱਲਕਮ ਬੀ ਸੀ
WelcomeBC

ਵੈੱਲਕਮ ਬੀ ਸੀ ਕੈਨੇਡਾ ਵਿਚ ਨਵੇਂ ਆਉਣ ਵਾਲਿਆਂ ਲਈ ਸਰਕਾਰ ਦਾ ਇਕ ਔਨਲਾਈਨ ਸ੍ਰੋਤ ਹੈ। ਜੇ ਤੁਹਾਡੀ ਕੰਪਿਊਟਰ ਤੱਕ ਪਹੁੰਚ ਹੈ ਤਾਂ ਵੱਖ ਵੱਖ ਬੋਲੀਆਂ ਵਿਚ ਜਾਣਕਾਰੀ ਲੈਣ ਲਈ welcomebc.ca/language2.aspx 'ਤੇ ਜਾਉ।

# ਕਮਿਊਨਟੀ ਦੀਆਂ ਸੰਸਥਾਵਾਂ
Community organizations

ਅਗਲੇ ਸਫਿਆਂ 'ਤੇ ਕਮਿਊਨਟੀ ਵਰਕਰਾਂ ਵਾਲੇ ਉਨ੍ਹਾਂ ਗਰੁੱਪਾਂ ਦੀ ਲਿਸਟ ਦਿੱਤੀ ਗਈ ਹੈ ਜਿਹੜੇ ਇਮੀਗਰੇਸ਼ਨ ਅਤੇ ਵੈਲਫੇਅਰ ਦੇ ਮਾਮਲਿਆਂ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਉਹ ਸ਼ਾਇਦ ਕੋਈ ਵਕੀਲ ਜਾਂ ਕਾਨੂੰਨੀ ਹਿਮਾਇਤੀ ਲੱਭਣ ਵਿਚ ਵੀ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ। ਉਹ ਦੋਭਾਸ਼ੀਏ ਵੀ ਪ੍ਰਦਾਨ ਕਰਨ ਦੇ ਯੋਗ ਹੋ ਸਕਦੇ ਹਨ। ਆਪਣੇ ਨੇੜੇ ਦੇ ਦਫਤਰ ਨੂੰ ਫੋਨ ਕਰੋ।

ਜੇ ਤੁਹਾਡੇ ਇਲਾਕੇ ਦਾ ਨਾਂ ਨਹੀਂ ਲਿਖਿਆ ਹੋਇਆ ਹੈ ਤਾਂ ਤੁਸੀਂ ਔਰਤਾਂ ਦੇ ਕਿਸੇ ਸੈਂਟਰ, ਟ੍ਰਾਂਜ਼ੀਸ਼ਨ ਹਾਊਸ, ਸਥਾਨਕ ਕਮਿਊਨਟੀ ਗਰੁੱਪ ਜਾਂ ਚਰਚ ਤੋਂ ਮਦਦ ਲੱਭ ਸਕਦੇ ਹੋ।

---

## ਐਬਟਸਫੋਰਡ Abbotsford

***ਐਬਟਸਫੋਰਡ ਕਮਿਊਨਟੀ ਸਰਵਿਸਿਜ਼***
*Abbotsford Community Services*

604-859-7681
info@abbotsfordcommunityservices.com

---

## ਬਰਨਬੀ Burnaby

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***
*Immigrant Services Society of BC*
*ਬਰਨਬੀ ਦਫਤਰ (Burnaby Office)*

604-395-8000
settlement@issbc.org

***ਮੋਜ਼ੈਕ*** *MOSAIC*
*ਕਿੰਗਜ਼ਵੇਅ ਦਫਤਰ (Kingsway Office)*

604-438-8214
settlement@mosaicbc.com

*ਸੀ ਸੀ ਐੱਮ ਆਫ ਕੈਨੇਡਾ ਦਫਤਰ (CCM of Canada Office)*

604-877-8606
settlement@mosaicbc.org

***ਸਕਸੈੱਸ* *SUCCESS***

*ਬਰਨਬੀ ਦਫਤਰ (Burnaby Office)*

604-430-1899
info@success.bc.ca

---

## ਕੈਂਬਲ ਰਿਵਰ Campbell River

***ਇਮੀਗਰਾਂਟ ਵੈਲਕਮ ਸੈਂਟਰ***

*Immigrant Welcome Centre*

250-830-0171
info@immigrantwelcome.ca

---

## ਚਿਲੀਵੈਕ Chilliwack

***ਚਿਲੀਵੈਕ ਕਮਿਊਨਟੀ ਸਰਵਿਸਿਜ਼***

*Chilliwack Community Services*

604-393-3251
ccsinfo@comserv.bc.ca

---

## ਕੋਕਿਟਲਮ Coquitlam

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***

*Immigrant Services Society of BC*

*ਕੌਟਨਵੁੱਡ ਦਫਤਰ (Cottonwood Office)*

778-383-1438
settlement@issbc.org

*ਲਿੰਕਨ ਦਫਤਰ (Lincoln Office)*

778-284-7026
settlement@issbc.org

***ਸਕਸੈੱਸ* *SUCCESS***

*ਨੌਰਥ ਰੋਡ ਦਫਤਰ (North Road Office)*

604-936-5900
info@success.bc.ca

*ਪਾਈਨਟਰੀ ਵੇਅ ਦਫਤਰ (Pinetree Way Office)*

604-468-6000
info@success.bc.ca

## ਕੋਰਟਨੀ Courtenay

***ਇਮੀਗਰਾਂਟ ਵੈਲਕਮ ਸੈਂਟਰ ਆਫ ਕੋਰਟਨੀ***
*Immigrant Welcome Centre of Courtenay*

250-338-6359
admin@immigrantwelcome.ca

## ਕਰੇਨਬਰੁੱਕ Cranbrook

***ਕੋਲੰਬੀਆ ਬੇਸਿਨ ਅਲਾਇੰਸ ਫਾਰ ਲਿਟਰੇਸੀ***
*Columbia Basin Alliance for Literacy*
*ਵੈੱਲਕਮ ਬੀ ਸੀ (Welcome BC)*

250-581-2112
cranbrooksettlement@cbal.org

## ਡੰਕਨ Duncan

***ਕੋਈਚਨ ਇੰਟਰਕਲਚਰਲ ਸੁਸਾਇਟੀ***
*Cowichan Intercultural Society*

250-748-3112
office@cis-iwc.org

## ਫੋਰਟ ਸੇਂਟ ਜੌਹਨ Fort St. John

***ਸਕਸੈੱਸ** SUCCESS*
*ਫੋਰਟ ਸੇਂਟ ਜੌਹਨ ਦਫਤਰ (Fort St. John Office)*

250-785-5323
info@success.bc.ca

## ਕੈਮਲੂਪਸ Kamloops

***ਕੈਮਲੂਪਸ ਇਮੀਗਰਾਂਟ ਸਰਵਿਸਿਜ਼***
*Kamloops Immigrant Services*

778-470-6101
kis@immigrantservices.ca

## ਕਲੋਨਾ ਏਰੀਆ Kelowna area

*(ਲੇਕ ਕੰਟਰੀ/ਵੈੱਸਟ ਕਲੋਨਾ/ਪੀਚਲੈਂਡ ਸ਼ਾਮਲ ਹਨ)*

***ਕਲੋਨਾ ਕਮਿਊਨਟੀ ਰੀਸੋਰਸਿਜ਼ ਸੁਸਾਇਟੀ***
*Kelowna Community Resources Society*
250-763-8008
immigrantservices@kcr.ca

## ਲੈਂਗਲੀ Langley

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***
*Immigrant Services Society of BC*
*ਲੈਂਗਲੀ ਦਫਤਰ (Langley Office)*
604-510-5136
settlement@issbc.org

## ਮੇਪਲ ਰਿਜ Maple Ridge

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***
*Immigrant Services Society of BC*
*ਮੇਪਲ ਰਿਜ ਦਫਤਰ (Maple Ridge Office)*
778-372-6567
settlement@issbc.org

## ਮਿਸ਼ਨ Mission

***ਮਿਸ਼ਨ ਕਮਿਊਨਟੀ ਸਰਵਿਸਿਜ਼ ਸੁਸਾਇਟੀ***
*Mission Community Services Society*
604-826-3634
info@missioncommunityservices.com

***ਸਾਰਾ ਫਾਰ ਵੋਮਿਨ***
*SARA for Women*
604-820-8455
info@saraforwomen.ca

## ਨਨਾਇਮੋ Nanaimo

***ਸੈਂਟਰਲ ਵੈਨਕੂਵਰ ਆਈਲੈਂਡ ਮਲਟੀਕਲਚਰਲ ਸੁਸਾਇਟੀ***
*Central Vancouver Island Multicultural Society*
*ਨਨਾਇਮੋ ਦਫਤਰ (Nanaimo Office)*
*ਇਮੀਗਰਾਂਟ ਵੈਲਕਮ ਸੈਂਟਰ (Immigrant Welcome Centre)*

250-753-6911
admin@cvims.org

## ਨਿਊ ਵੈੱਸਟਮਿਨਸਟਰ New Westminster

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***
*Immigrant Services Society of BC*
*ਨਿਊ ਵੈੱਸਟਮਿਨਸਟਰ ਦਫਤਰ (New Westminster Office)*

604-522-5902
settlement@issbc.org

## ਨੌਰਥ ਵੈਨਕੂਵਰ North Vancouver

***ਨੌਰਥ ਸ਼ੋਅਰ ਮਲਟੀਕਲਚਰਲ ਸੁਸਾਇਟੀ***
*North Shore Multicultural Society*

604-988-2931
office@nsms.ca

## ਪਨਟਿਕਟਨ Penticton

***ਸਾਊਥ ਓਕਨਆਗਨ ਇਮੀਗਰਾਂਟ ਐਂਡ ਕਮਿਊਨਟੀ ਸਰਵਿਸਿਜ਼***
*South Okanagan Immigrant and Community Services*

250-492-6299
admin@soics.ca

## ਪ੍ਰਿੰਸ ਜੌਰਜ Prince George

***ਇਮੀਗਰਾਂਟ ਐਂਡ ਮਲਟੀਕਲਚਰਲ ਸਰਵਿਸਿਜ਼ ਸੁਸਾਇਟੀ***
*Immigrant and Multicultural Services Society*

250-562-2900
imss.pg@imss.ca

## ਰਿਚਮੰਡ Richmond

***ਚੀਮੋ ਕਮਿਊਨਟੀ ਸਰਵਿਸਿਜ਼***

*Chimo Community Services*

604-279-7077
chimo@chimoservices.com

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***

*Immigrant Services Society of BC*

*ਰਿਚਮੰਡ ਦਫਤਰ (Richmond Office)*

604-233-7077
settlement@issbc.org

***ਰਿਚਮੰਡ ਮਲਟੀਕਲਚਰਲ ਕਮਿਊਨਟੀ ਸਰਵਿਸਿਜ਼***

*Richmond Multicultural Community Services*

604-279-7160
info@rmcs.bc.ca

***ਸਕਸੈੱਸ** SUCCESS*

*ਰਿਚਮੰਡ ਦਫਤਰ (Richmond Office)*

604-279-7180
info@success.bc.ca

## ਸੁਕਾਮਿਸ Squamish

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ***

*Immigrant Services Society of BC*

*ਸੁਕਾਮਿਸ਼ ਦਫਤਰ (Squamish Office)*

604-567-4490
settlement@issbc.org

## ਸਰੀ Surrey

***ਡਾਇਵਰਸਿਟੀ ਕਮਿਊਨਟੀ ਰੀਸੋਰਸਿਜ਼ ਸੁਸਾਇਟੀ***

*DIVERSEcity Community Resources Society*

604-597-0205
info@dcrs.ca

***ਮੋਜ਼ੈਕ*** *MOSAIC*

*ਵੈਲਕਮ ਸੈਂਟਰ (Welcome Centre)*

778-591-9334
settlement@mosaicbc.org

***ਓਪਸ਼ਨਜ਼ ਕਮਿਊਨਟੀ ਸਰਵਿਸਿਜ਼***
*Options Community Services*

604-584-5811
604-596-4321 (ਨਿਊਟਨ)
info@options.bc.ca

***ਪ੍ਰੌਗਰੈਸਿਵ ਇੰਟਰਕਲਚਰਲ ਕਮਿਊਨਟੀ ਸਰਵਿਸਿਜ਼ ਸੁਸਾਇਟੀ***
*Progressive Intercultural Community Services Society*

*ਸਰੀ ਦਫਤਰ (Surrey Office)*

604-596-7722
pics@pics.bc.ca

***ਸਕਸੈੱਸ*** *SUCCESS*

*ਸਰੀ ਦਫਤਰ (Surrey Office)*

604-588-6869
info@success.bc.ca

---

## ਵੈਨਕੂਵਰ Vancouver

***ਬੈਟਰਡ ਵਿਮਨਜ਼ ਸੁਪੋਰਟ ਸਰਵਿਸਿਜ਼***
*Battered Women's Support Services*

604-687-1868
information@bwss.org

***ਕੋਲਿੰਗਵੁੱਡ ਨੇੱਬਰਹੁੱਡ ਹਾਊਸ***
*Collingwood Neighbourhood House*

604-435-0323
info@cnh.bc.ca

***ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ (ਵੇਸੇਬੇ ਦੀਆਂ ਸੇਵਾਵਾਂ)***
*Immigrant Services Society of BC (Settlement Services)*

*ਮੁੱਖ ਦਫਤਰ (Head Office)*

604-684-7498
settlement@issbc.org

***ਕਿਵਾਸਾ ਨੇੱਬਰਹੁੱਡ ਹਾਊਸ***
*Kiwassa Neighbourhood House*

604-254-5401
info@kiwassa.ca

***ਲਿਟਲ ਮਾਉਨਟੇਨ ਨੇੱਬਰਹੁੱਡ ਹਾਊਸ***
*Little Mountain Neighbourhood House*

604-879-7104
info@lmnhs.bc.ca

***ਮੋਜ਼ੈਕ*** *MOSAIC*

*ਮੁੱਖ ਦਫਤਰ (Head Office)*

604-254-9626
settlement@mosaicbc.org

***ਮਲਟੀਕਲਚਰਲ ਹੈਲਪਿੰਗ ਹਾਊਸ ਸੁਸਾਇਟੀ***
*Multicultural Helping House Society*

604-879-3277
info@helpinghouse.org

***ਸਾਊਥ ਵੈਨਕੂਵਰ ਨੇੱਬਰਹੁੱਡ ਹਾਊਸ***
*South Vancouver Neighbourhood House*

604-324-6212
svnh@southvan.org

***ਸਕਸੈੱਸ*** *SUCCESS*

*ਫਰੇਜ਼ਰ ਸਟਰੀਟ ਦਫਤਰ (Fraser Street Office)*

604-324-8300
info@success.bc.ca

*ਗਰੈਨਵਿਲ ਸਟਰੀਟ ਦਫਤਰ (Granville Street Office)*

604-323-0901
info@success.bc.ca

*ਪੈਂਡਰ ਸਟਰੀਟ ਦਫਤਰ (Pender Street Office)*

604-684-1628
info@success.bc.ca

***ਵੈਨਕੂਵਰ ਐਂਡ ਲੋਅਰ ਮੇਨਲੈਂਡ ਮਲਟੀਕਲਚਰਲ***
***ਫ਼ੈਮਿਲੀ ਸੁਪੋਰਟ ਸਰਵਿਸਿਜ਼ ਸੁਸਾਇਟੀ***
*Vancouver and Lower Mainland Multicultural*
*Family Support Services Society*

604-436-1025
againstviolence@vlmfss.ca

---

## ਵਰਨਨ Vernon

***ਵਰਨਨ ਐਂਡ ਡਿਸਟਰਿਕਟ ਇਮੀਗਰਾਂਟ ਸਰਵਿਸਿਜ਼ ਸੁਸਾਇਟੀ***
*Vernon and District Immigrant Services Society*

250-542-4177
vdiss@shaw.ca

---

## ਵਿਕਟੋਰੀਆ Victoria

***ਇੰਟਰ–ਕਲਚਰਲ ਐਸੋਸੀਏਸ਼ਨ ਆਫ ਗਰੇਟਰ ਵਿਕਟੋਰੀਆ***
*Inter-Cultural Association of Greater Victoria*

250-388-4728
info@icavictoria.org

***ਵਿਕਟੋਰੀਆ ਇਮੀਗਰਾਂਟ ਐਂਡ ਰਫਿਊਜੀ ਸੈਂਟਰ ਸੁਸਾਇਟੀ***
*Victoria Immigrant and Refugee Centre Society*

250-361-9433
info@vircs.bc.ca

# ਲੀਗਲ ਏਡ ਤੋਂ ਹੋਰ ਮਦਦ

More help from Legal Aid BC

ਉਨ੍ਹਾਂ ਲੋਕਾਂ ਨੂੰ ਮੁਫਤ ਵਕੀਲ ਪ੍ਰਦਾਨ ਕਰਨ ਤੋਂ ਇਲਾਵਾ, ਜਿਹੜੇ ਖਾਸ ਪਰਿਵਾਰਕ, ਇਮੀਗਰੇਸ਼ਨ ਅਤੇ ਹੋਰ ਸਮੱਸਿਆਵਾਂ ਵਿਚ ਮਦਦ ਲਈ ਯੋਗ ਹੁੰਦੇ ਹਨ, ਲੀਗਲ ਏਡ ਕਾਨੂੰਨੀ ਜਾਣਕਾਰੀ (ਜਿਵੇਂ ਕਿ ਇਹ ਕਿਤਾਬਚਾ) ਅਤੇ ਕਾਨੂੰਨੀ ਸਲਾਹ ਵੀ ਦਿੰਦੀ ਹੈ।

## *ਵੈਲਫੇਅਰ ਲਈ ਔਨਲਾਈਨ ਅਪਲਾਈ ਕਰਨਾ*

*Applying for Welfare Online*

ਇਹ ਤੱਥ ਸ਼ੀਟ ਇਸ ਚੀਜ਼ ਬਾਰੇ ਹੈ ਕਿ ਕੰਪਿਊਟਰ ਜਾਂ ਮੋਬਾਇਲ ਫੋਨ ਦੀ ਵਰਤੋਂ ਕਰਦੇ ਹੋਏ ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ। **mylawbc.com** ’ਤੇ ਜ਼ਿਆਦਾ ਜਾਣੋ (“Our publications” ’ਤੇ ਕਲਿੱਕ ਕਰੋ)।

## *ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ*

*How to Apply for Welfare*

ਇਹ ਕਿਤਾਬਚਾ ਇਹ ਦੱਸਦਾ ਹੈ ਕਿ ਵੈਲਫੇਅਰ ਲਈ ਕੌਣ ਯੋਗ ਹੈ, ਕਿਵੇਂ ਅਪਲਾਈ ਕਰਨਾ ਹੈ, ਕਿਸੇ ਫੈਸਲੇ ਵਿਰੁੱਧ ਅਪੀਲ ਕਿਵੇਂ ਕਰਨੀ ਹੈ, ਅਤੇ ਹੋਰ ਜਾਣਕਾਰੀ ਜਾਂ ਮਦਦ ਕਿਵੇਂ ਲੈਣੀ ਹੈ। ਇਹ **mylawbc.com** ’ਤੇ ਦੇਖੋ (“ਆਵਰ ਪਬਲੀਕੇਸ਼ਨਜ਼” ’ਤੇ ਕਲਿੱਕ ਕਰੋ)।

## *ਸੁਰੱਖਿਅਤ ਰਹੋ — ਬੁਰੇ ਵਰਤਾਉ ਦਾ ਅੰਤ ਕਰੋ*

*Live Safe — End Abuse*

ਇਹ ਤੱਥ ਸ਼ੀਟਾਂ ਸੰਬੰਧਾਂ ਵਿਚ ਬੁਰੇ ਵਰਤਾਉ ਦੇ 10 ਪੱਖਾਂ ਬਾਰੇ ਦੱਸਦੀਆਂ ਹਨ, ਜਿਨ੍ਹਾਂ ਵਿਚ ਔਰਤਾਂ ਅਤੇ ਮਰਦਾਂ ਨਾਲ ਜੇ ਬੁਰਾ ਵਰਤਾਉ ਹੋਵੇ ਤਾਂ ਉਹ ਕੀ ਕਰ ਸਕਦੇ ਹਨ ਅਤੇ ਇਨ੍ਹਾਂ ਵਿਚ ਸੇਫਟੀ ਦੀ ਪਲੈਨਿੰਗ, ਪ੍ਰੋਟੈਕਸ਼ਨ ਆਰਡਰ, ਬੱਚਿਆਂ ਦਾ ਪਾਲਣ-ਪੋਸਣ, ਪੈਸੇ, ਅਤੇ ਕ੍ਰਿਮੀਨਕਲ ਕੋਰਟ ਦੀ ਕਾਰਵਾਈ ਬਾਰੇ ਜਾਣਕਾਰੀ ਸ਼ਾਮਲ ਹੈ। ਇਸ ਲੜੀ ਵਿਚ *ਜੇ ਤੁਹਾਡਾ ਸਪੌਂਸਰ ਤੁਹਾਡੇ ਨਾਲ ਬੁਰਾ ਵਰਤਾਉ ਕਰਦਾ ਹੈ* ਟਾਈਟਲ ਸ਼ਾਮਲ ਹੈ। ਇਹ **mylawbc.com** ’ਤੇ ਦੇਖੋ (“ਆਵਰ ਪਬਲੀਕੇਸ਼ਨਜ਼” ’ਤੇ ਕਲਿੱਕ ਕਰੋ)।

## ਫੈਮਿਲੀ ਲਾਅ ਇਨ ਬੀ ਸੀ ਵੈੱਬਸਾਈਟ

Family Law in BC website

ਤੱਥ ਸ਼ੀਟਾਂ, ਸਵੈ-ਮਦਦ ਕਰਨ ਵਾਲੀਆਂ ਗਾਈਡਾਂ, ਅਤੇ ਔਨਲਾਈਨ ਲਿਖਤਾਂ ਅਤੇ ਵੀਡੀਓ ਦੇਖਣ ਲਈ **familylaw.lss.bc.ca** ’ਤੇ ਜਾਉ।

## ਮਾਈਲਾਅ ਬੀ ਸੀ ਵੈੱਬਸਾਈਟ

MyLawBC website

ਪਰਿਵਾਰਕ ਕਾਨੂੰਨਾਂ ਦੇ ਮਾਮਲਿਆਂ ਬਾਰੇ ਜਾਣਕਾਰੀ ਨਾਲ ਸੇਧ ਲੱਭਣ ਲਈ **mylawbc.com** ’ਤੇ ਜਾਉ ਜਿਸ ਵਿਚ ਬੁਰੇ ਵਰਤਾਉ ਅਤੇ ਪਰਿਵਾਰਕ ਹਿੰਸਾ ਦੇ ਮਾਮਲੇ ਵੀ ਸ਼ਾਮਲ ਹਨ।

## ਫੈਮਿਲੀ ਡਿਊਟੀ ਕੌਂਸਲ

Family duty counsel

ਫੈਮਿਲੀ ਡਿਊਟੀ ਕੌਂਸਲ ਵਕੀਲ ਹਨ ਜਿਹੜੇ ਪਰਿਵਾਰਕ ਕਾਨੂੰਨਾਂ ਨਾਲ ਸਬੰਧਿਤ ਸਮੱਸਿਆਵਾਂ ਵਾਲੇ ਲੋਕਾਂ ਨੂੰ ਸਲਾਹ ਦਿੰਦੇ ਹਨ। ਜੇ ਤੁਸੀਂ ਲੀਗਲ ਏਡ ਦੇ ਹੱਕਦਾਰ ਨਹੀਂ ਬਣਦੇ ਤਾਂ ਵੀ ਤੁਸੀਂ ਫੈਮਿਲੀ ਡਿਊਟੀ ਕੌਂਸਲ ਤੋਂ ਮਦਦ ਲੈਣ ਦੇ ਯੋਗ ਹੋ ਸਕਦੇ ਹੋ। ਫੈਮਿਲੀ ਡਿਊਟੀ ਕੌਂਸਲ ਦੇ ਦਫਤਰ ਬਹੁਤੀਆਂ ਸੂਬਾਈ ਅਤੇ ਸੁਪਰੀਮ ਕੋਰਟਾਂ ਵਿਚ ਹਨ। ਜ਼ਿਆਦਾ ਜਾਣਕਾਰੀ ਲਈ **legalaid.bc.ca** ’ਤੇ ਜਾਉ (“Legal Aid” ਅਤੇ ਫਿਰ “Advice” ’ਤੇ ਕਲਿੱਕ ਕਰੋ)

## ਫੈਮਿਲੀ ਲਾਅਲਾਈਨ

Family LawLINE

ਫੈਮਿਲੀ ਲਾਅਲਾਈਨ ਦੇ ਵਕੀਲ ਫੈਮਿਲੀ ਲਾਅ ਦੇ ਮਾਮਲਿਆਂ ਬਾਰੇ ਟੈਲੀਫੋਨ ’ਤੇ ਸੰਖੇਪ ਕਾਨੂੰਨੀ ਸਲਾਹ ਦਿੰਦੇ ਹਨ। ਭਾਵੇਂ ਤੁਸੀਂ ਲੀਗਲ ਏਡ ਲੈਣ ਦੇ ਯੋਗ ਹੋਵੋ ਜਾਂ ਨਾ, ਤੁਸੀਂ ਇਹ ਮਦਦ ਲੈਣ ਦੇ ਯੋਗ ਹੋ ਸਕਦੇ ਹੋ। ਇਸ ਸਰਵਿਸ ਲਈ ਵਿਚਾਰੇ ਜਾਣ ਲਈ, ਸੂਬੇ ਭਰ ਵਿਚ ਚੱਲਣ ਵਾਲੇ ਕਾਲ ਸੈਂਟਰ ਨੂੰ ਫੋਨ ਕਰੋ। ਜੇ ਤੁਸੀਂ ਯੋਗ ਹੋਵੋ ਤਾਂ ਤੁਹਾਡੀ ਗੱਲ ਫੈਮਿਲੀ ਲਾਅਲਾਈਨ ਦੇ ਕਿਸੇ ਉਪਲਬਧ ਵਕੀਲ ਨਾਲ ਕਰਵਾਈ ਜਾਵੇਗੀ।

| | |
|---|---|
| ਗਰੇਟਰ ਵੈਨਕੂਵਰ | 604-408-2172 |
| ਬੀ ਸੀ ਵਿਚ ਹੋਰ ਕਿਤਿਉਂ ਵੀ | 1-866-577-2525 (ਮੁਫਤ ਫੋਨ ਕਰੋ) |

# ਹੋਰ ਮਦਦ
Other help

## ਬੀ ਸੀ ਓਮਬਡਜ਼ਪਰਸਨ ਦਾ ਦਫਤਰ
BC Ombudsperson's office

ਬੀ ਸੀ ਓਮਬਡਜ਼ਪਰਸਨ ਦਾ ਦਫਤਰ ਇਸ ਚੀਜ਼ ਬਾਰੇ ਜਾਣਕਾਰੀ ਦਿੰਦਾ ਹੈ ਕਿ ਕਿਸੇ ਸਰਕਾਰੀ ਏਜੰਸੀ ਨਾਲ ਵਰਤਣ ਵੇਲੇ ਕਿਹੜੇ ਕਦਮ ਚੁੱਕਣੇ ਹਨ ਅਤੇ ਇਹ ਨਾਵਾਜਬ ਅਮਲਾਂ ਬਾਰੇ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ। ਸੇਵਾਵਾਂ ਮੁਫਤ ਦਿੱਤੀਆਂ ਜਾਂਦੀਆਂ ਹਨ।

1-800-567-3247 (ਮੁਫਤ ਫੋਨ ਕਰੋ)
https://bcombudsperson.ca

## ਕਲਿੱਕਲਾਅ
Clicklaw

ਕਲਿੱਕਲਾਅ ਇਕ ਅਜਿਹਾ ਵੈੱਬਸਾਈਟ ਹੈ ਜੋ ਕਾਨੂੰਨੀ ਜਾਣਕਾਰੀ, ਸਿੱਖਿਆ, ਅਤੇ ਬ੍ਰਿਟਿਸ਼ ਕੋਲੰਬੀਅਨਾਂ ਲਈ ਮਦਦ ਨਾਲ ਲਿੰਕ ਪ੍ਰਦਾਨ ਕਰਦਾ ਹੈ।

clicklaw.bc.ca

## ਫੈਮਿਲੀ ਜਸਟਿਸ ਕੌਂਸਲਰ
Family justice counsellors

ਫੈਮਿਲੀ ਜਸਟਿਸ ਕੌਂਸਲਰ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਸਰਵਿਸ ਬੀ ਸੀ ਨੂੰ ਫੋਨ ਕਰੋ ਅਤੇ ਆਪਣੇ ਨੇੜੇ ਦੇ ਸਥਾਨ ਬਾਰੇ ਪੁੱਛੋ।

| | |
|---|---|
| ਗਰੇਟਰ ਵੈਨਕੂਵਰ ਵਿਚ | 604-660-2421 |
| ਵਿਕਟੋਰੀਆ | 250-387-6121 |
| ਬੀ ਸੀ ਵਿਚ ਹੋਰ ਕਿਤਿਓਂ ਵੀ | 1-800-663-7867 (ਮੁਫਤ ਫੋਨ ਕਰੋ) |




# ਸ਼ਬਦਾਂ ਦੀ ਸੂਚੀ

## ਸ਼ਬਦਾਂ ਦੇ ਕੀ ਅਰਥ ਹਨ

What the words mean

**ਅਬਿਊਜ਼** (abuse) ਸੰਬੰਧਾਂ ਵਿਚ ਬੁਰੇ ਵਰਤਾਉ ਵਿਚ ਦੁੱਖ ਦੇਣ ਵਾਲੇ ਜਾਂ ਖਤਰਨਾਕ ਵਤੀਰਿਆਂ ਦੀਆਂ ਕਈ ਕਿਸਮਾਂ ਸ਼ਾਮਲ ਹਨ। ਇਹ ਧਮਕੀਆਂ ਦੇਣ ਅਤੇ ਜਜ਼ਬਾਤੀ ਨੁਕਸਾਨ ਪਹੁੰਚਾਉਣ ਤੋਂ ਲੈ ਕੇ ਸਰੀਰਕ ਜਾਂ ਕਾਮੁਕ ਹਮਲੇ ਤੱਕ ਵੱਖ ਵੱਖ ਹੋ ਸਕਦੇ ਹਨ। ਬੁਰੇ ਵਰਤਾਉ ਵਿਚ ਤੁਹਾਡੇ ਖਿਲਾਫ ਪੈਸਿਆਂ ਦੀ ਵਰਤੋਂ ਕਰਨਾ, ਅਤੇ ਕੰਟਰੋਲ ਕਰਨ ਵਾਲੇ ਹੋਰ ਵਤੀਰੇ ਸ਼ਾਮਲ ਹੋ ਸਕਦੇ ਹਨ ਜਿਵੇਂ ਕਿ ਤੁਸੀਂ ਜੋ ਕਰਦੇ ਹੋ ਉਸ ਨੂੰ ਸੀਮਤ ਕਰਨਾ। (ਸਫਾ 7 ਵੀ ਦੇਖੋ)।

**ਐਡਵੋਕੇਟ** (advocate) ਉਹ ਵਿਅਕਤੀ ਜਿਹੜਾ ਖਾਸ ਮਸਲਿਆਂ ਅਤੇ ਕਾਨੂੰਨਾਂ ਬਾਰੇ ਕਾਫੀ ਜਾਣਦਾ ਹੈ ਅਤੇ ਦੂਜਿਆਂ ਦੀ ਮਦਦ ਕਰਨ ਲਈ ਆਪਣਾ ਤਜਰਬਾ ਵਰਤਦਾ ਹੈ।

**ਅਪੀਲ** (appeal) ਜਦੋਂ ਤੁਸੀਂ ਆਪਣੀ ਵੈਲਫੇਅਰ ਦੀ ਅਰਜ਼ੀ ਬਾਰੇ ਮਨਿਸਟਰੀ ਵਲੋਂ ਕੀਤੇ ਗਏ ਕਿਸੇ ਫੈਸਲੇ ਨਾਲ ਅਸਹਿਮਤ ਹੁੰਦੇ ਹੋ ਅਤੇ ਤੁਸੀਂ ਹੋਰ ਵਿਅਕਤੀ ਜਾਂ ਗਰੁੱਪ ਨੂੰ ਫੈਸਲੇ ’ਤੇ ਮੁੜ ਵਿਚਾਰ ਕਰਨ ਲਈ ਕਹਿੰਦੇ ਹੋ।

**ਐਪਲੀਕੇਸ਼ਨ ਫਾਰ ਇਨਕਮ ਅਸਿਸਟੈਂਸ (ਪਾਰਟ 1) ਫਾਰਮ** (Application for Income Assistance (part 1) form) ਵੈਲਫੇਅਰ ਲਈ ਅਪਲਾਈ ਕਰਨ ਵੇਲੇ ਤੁਸੀਂ ਇਹ ਫਾਰਮ ਭਰਦੇ ਹੋ। ਇਹ ਜਾਣਕਾਰੀ ਮਨਿਸਟਰੀ ਦੇ ਕੰਪਿਊਟਰ ਸਿਸਟਮ ਵਿਚ ਪਾਈ ਜਾਂਦੀ ਹੈ।

**ਐਸਿਟਸ** (assets) ਤੁਹਾਡੇ ਐਸਿਟਸ ਵਿਚ ਉਹ ਚੀਜ਼ਾਂ ਸ਼ਾਮਲ ਹਨ ਜਿਹੜੀਆਂ ਤੁਹਾਡੀਆਂ ਹਨ ਜਿਵੇਂ ਨਗਦੀ, ਬੈਂਕ ਵਿਚਲੇ ਪੈਸੇ, ਇਨਵੈਸਟਮੈਂਟਾਂ, ਕਾਰ ਜਾਂ ਹੋਰ ਗੱਡੀ, ਬਿਜ਼ਨਸ ਅਤੇ ਘਰ ਆਦਿ।

**ਬਿਜ਼ਨਸ ਡੇਅ** (business day) ਉਹ ਦਿਨ ਜਦੋਂ ਬਹੁਤੇ ਬਿਜ਼ਨਸ ਖੁੱਲ੍ਹੇ ਹੁੰਦੇ ਹਨ। ਜਦੋਂ ਤੁਸੀਂ ਵੈਲਫੇਅਰ ਲਈ ਅਰਜ਼ੀ ਜਾਂ ਕਿਸੇ ਅਪੀਲ ਲਈ ਅੰਤਮ ਤਾਰੀਕ ਦਾ ਹਿਸਾਬ ਲਾਉਂਦੇ ਹੋ ਤਾਂ ਤੁਹਾਨੂੰ ਸ਼ਨਿਚਰਵਾਰ, ਐਤਵਾਰ, ਅਤੇ ਸਰਕਾਰੀ ਛੁੱਟੀਆਂ ਨੂੰ ਛੱਡ ਕੇ ਬਾਕੀ ਸਾਰੇ ਦਿਨ ਗਿਣਨੇ ਚਾਹੀਦੇ ਹਨ।

**ਕੌਮਨ-ਲਾਅ ਪਾਰਟਨਰ** (common-law partner) ਇਸ ਦੀਆਂ ਦੋ ਵਿਆਖਿਆਵਾਂ ਹਨ:

- ਫੈਡਰਲ ਇਮੀਗਰੇਸ਼ਨ ਕਾਨੂੰਨ ਅਧੀਨ ਇਹ ਸਮਲਿੰਗੀ (ਸੇਮ-ਸੈਕਸ) ਜਾਂ ਵਿਰੋਧੀ ਸੈਕਸ ਦਾ ਉਹ ਵਿਅਕਤੀ ਹੈ, ਜਿਸ ਨਾਲ ਤੁਹਾਡੇ ਵਿਆਹ ਵਰਗੇ ਸੰਬੰਧ ਹਨ ਅਤੇ ਜਿਸ ਨਾਲ ਤੁਸੀਂ ਘੱਟੋ ਘੱਟ ਇਕ ਸਾਲ ਲਈ ਇਕੱਠੇ ਰਹੇ ਹੋ।
- ਸੂਬਾਈ ਵੈਲਫੇਅਰ ਕਾਨੂੰਨ ਅਧੀਨ, ਇਹ ਉਹ ਵਿਅਕਤੀ ਹੈ ਜਿਸ ਦੀ ਪਛਾਣ ਤੁਸੀਂ ਮਨਿਸਟਰੀ ਕੋਲ ਆਪਣੇ ਕੌਮਨ-ਲਾਅ ਪਾਰਟਨਰ ਦੇ ਤੌਰ 'ਤੇ ਕਰਵਾਉਂਦੇ ਹੋ ਜਾਂ ਜਿਸ ਨਾਲ ਤੁਸੀਂ ਪਿਛਲੇ 3 ਮਹੀਨੇ ਰਹੇ ਹੋ ਜਾਂ ਪਿਛਲੇ 12 ਮਹੀਨਿਆਂ ਵਿਚ 9 ਮਹੀਨੇ ਰਹੇ ਹੋ, ਅਤੇ ਮਨਿਸਟਰੀ ਸਹਿਮਤ ਹੈ ਕਿ ਇਹ ਸੰਬੰਧ ਵਿਆਹ ਵਰਗਾ ਹੈ।

**ਕੰਜੂਗਲ ਪਾਰਟਨਰ** (conjugal partner) ਸਮਲਿੰਗੀ ਜਾਂ ਵਿਰੋਧੀ ਸੈਕਸ ਦਾ ਵਿਅਕਤੀ ਜਿਸ ਨਾਲ ਤੁਹਾਡੇ ਘੱਟੋ ਘੱਟ ਇਕ ਸਾਲ ਤੋਂ ਵਿਆਹ ਵਰਗੇ ਸੰਬੰਧ ਹਨ, ਪਰ ਜਿਸ ਨਾਲ ਤੁਸੀਂ ਇਮੀਗਰੇਸ਼ਨ ਦੀਆਂ ਸਮੱਸਿਆਵਾਂ, ਤੁਹਾਡੀ ਜਾਂ ਉਸ ਦੀ ਵਿਆਹੁਤੀ ਸਥਿਤੀ ਜਾਂ ਕਾਮੁਕ ਰੁਚੀਆਂ ਕਰਕੇ ਵਿਆਹ ਨਹੀਂ ਕਰਵਾ ਸਕਦੇ ਜਾਂ ਨਾਲ ਨਹੀਂ ਰਹਿ ਸਕਦੇ।

**ਡਿਪੈਨਡੈਂਟ ਚਿਲਡਰਨ** (dependent children) ਦੋ ਵਿਆਖਿਆਵਾਂ ਹਨ:

- ਫੈਡਰਲ ਇਮੀਗਰੇਸ਼ਨ ਕਾਨੂੰਨ ਅਧੀਨ, ਨਿਰਭਰ ਬੱਚਾ ਉਹ ਬੱਚਾ ਹੈ ਜਿਹੜਾ ਮਾਇਕ ਅਤੇ ਹੋਰ ਮਦਦ ਲਈ ਆਪਣੇ ਮਾਪੇ 'ਤੇ ਨਿਰਭਰ ਕਰਦਾ ਹੈ। ਨਿਰਭਰ ਗਿਣੇ ਜਾਣ ਲਈ, ਬੱਚੇ ਦਾ:
  - 22 ਸਾਲ ਤੋਂ ਘੱਟ ਉਮਰ ਦਾ ਅਤੇ ਸਪਾਉਸ ਜਾਂ ਕੌਮਨ-ਲਾਅ ਪਾਰਟਨਰ ਤੋਂ ਬਿਨਾਂ ਹੋਣਾ ਜ਼ਰੂਰੀ ਹੈ, *ਜਾਂ*
  - 22 ਸਾਲ ਜਾਂ ਜ਼ਿਆਦਾ ਉਮਰ ਦਾ ਅਤੇ ਦਿਮਾਗੀ ਜਾਂ ਸਰੀਰਕ ਹਾਲਤ ਅਜਿਹੀ ਰਹਿਣਾ ਜ਼ਰੂਰੀ ਹੈ ਜਿਹੜੀ ਉਸ ਨੂੰ ਆਪਣੀ ਮਦਦ ਆਪ ਕਰਨ ਤੋਂ ਰੋਕਦੀ ਹੋਵੇ।
- ਸੂਬਾਈ ਵੈਲਫੇਅਰ ਕਾਨੂੰਨ ਅਧੀਨ, ਨਿਰਭਰ ਬੱਚਾ 19 ਸਾਲ ਤੋਂ ਘੱਟ ਉਮਰ ਦਾ ਉਹ ਅਣਵਿਆਹਿਆ ਵਿਅਕਤੀ ਹੈ ਜਿਹੜਾ ਅੱਧੇ ਨਾਲੋਂ ਜ਼ਿਆਦਾ ਸਮਾਂ ਮਾਪੇ ਨਾਲ ਰਹਿੰਦਾ ਹੈ ਅਤੇ ਜ਼ਿੰਦਗੀ ਦੀਆਂ ਲੋੜਾਂ ਲਈ ਮਾਪੇ 'ਤੇ ਨਿਰਭਰ ਕਰਦਾ ਹੈ (ਇਸ ਵਿਚ ਮਤਰੇਏ ਬੱਚੇ ਵੀ ਸ਼ਾਮਲ ਹਨ ਅਤੇ ਤੁਹਾਡੀ ਸੰਭਾਲ ਹੇਠਲੇ ਹੋਰ ਬੱਚੇ ਵੀ ਸ਼ਾਮਲ ਹੋ ਸਕਦੇ ਹਨ)।

**ਡਿਸਏਬਿਲਟੀ ਬੈਨੇਫਿਟਸ** (disability benefits) ਅਪਾਹਜਤਾਵਾਂ ਵਾਲੇ ਲੋਕਾਂ (ਪੀ ਡਬਲਯੂ ਡੀ) ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਨਿਸਟਰੀ ਤੋਂ ਮਿਲਣ ਵਾਲੇ ਬੈਨੇਫਿਟਸ। ਇਸ ਨੂੰ "ਡਿਸਏਬਿਲਟੀ ਅਸਿਸਟੈਂਸ" ਵੀ ਆਖਿਆ ਜਾਂਦਾ ਹੈ। ਡਿਸਏਬਿਲਟੀ ਬੈਨੇਫਿਟਸ ਦੇ ਰੇਟ ਆਮ ਵੈਲਫੇਅਰ ਦੇ ਰੇਟਾਂ ਨਾਲੋਂ ਜ਼ਿਆਦਾ ਹਨ। ਜੇ ਤੁਹਾਨੂੰ ਕੋਈ ਗੰਭੀਰ ਅਪਾਹਜਤਾ ਹੈ ਤਾਂ ਡਿਸਏਬਿਲਟੀ ਬੈਨੇਫਿਟਸ ਲਈ ਅਪਲਾਈ ਕਰਨ ਬਾਰੇ ਜਾਣਕਾਰੀ ਲਈ ਕਿਸੇ ਕਮਿਉਨਟੀ ਵਰਕਰ ਨੂੰ ਮਿਲੋ।

**ਅਲਿਜੀਬਿਲਟੀ ਇੰਟਰਵਿਊ** (eligibility interview) ਮਨਿਸਟਰੀ (ਐੱਸ ਡੀ ਪੀ ਆਰ) ਦੇ ਵਰਕਰ ਨਾਲ ਗੱਲਬਾਤ ਜਿਸ ਵਿਚ ਤੁਸੀਂ ਆਪਣੀ ਨਿੱਜੀ ਪਛਾਣ, ਕੰਮ ਦੀ ਹਿਸਟਰੀ, ਪੈਸੇ-ਧੇਲੇ ਅਤੇ ਆਪਣੇ ਸਪੌਂਸਰ ਬਾਰੇ ਜਾਣਕਾਰੀ ਦਿੰਦੇ ਹੋ। ਬਾਅਦ ਵਿਚ ਮਨਿਸਟਰੀ ਇਹ ਫੈਸਲਾ ਕਰੇਗੀ ਕਿ ਕੀ ਤੁਸੀਂ ਵੈਲਫੇਅਰ ਲਈ ਯੋਗ ਹੋ ਜਾਂ ਨਹੀਂ।

**ਇਮਪਲੌਏਮੈਂਟ ਐਂਡ ਅਸਿਸਟੈਂਸ ਵਰਕਰ** (Employment and Assistance Worker) ਇਸ ਨੂੰ ਈ ਏ ਡਬਲਯੂ, ਕੇਸ ਵਰਕਰ, ਜਾਂ ਵਰਕਰ ਵੀ ਕਿਹਾ ਜਾਂਦਾ ਹੈ। ਵੈਲਫੇਅਰ ਮਨਿਸਟਰੀ (ਐੱਸ ਡੀ ਪੀ ਆਰ) ਵਿਖੇ ਇਹ ਉਹ ਲੋਕ ਹਨ ਜਿਹੜੇ ਤੁਹਾਡੀ ਵੈਲਫੇਅਰ ਦੀ ਫਾਇਲ ਬਾਰੇ ਤੁਹਾਡੇ ਨਾਲ ਕੰਮ ਕਰਦੇ ਹਨ।

**ਹਾਰਡਸ਼ਿਪ ਅਸਿਸਟੈਂਸ** (hardship assistance) ਮਨਿਸਟਰੀ ਤੋਂ ਮਿਲਣ ਵਾਲੇ ਆਰਜ਼ੀ ਪੈਸੇ ਜੋ ਕਿ ਸੀਮਤ ਹਾਲਤਾਂ ਵਿਚ ਉਦੋਂ ਉਪਲਬਧ ਹਨ ਜਦੋਂ:

- ਤੁਹਾਨੂੰ ਕੰਮ ਦੀ ਭਾਲ ਕਰਨੀ ਪੈਂਦੀ ਹੈ, ਪਰ ਖਾਣੇ, ਰਿਹਾਇਸ਼ ਜਾਂ ਜ਼ਰੂਰੀ ਮੈਡੀਕਲ ਇਲਾਜ ਲਈ ਕੋਈ ਫੌਰੀ ਲੋੜ ਹੁੰਦੀ ਹੈ, ਜਾਂ
- ਤੁਸੀਂ ਮਨਿਸਟਰੀ ਨੂੰ ਪੇਪਰ ਜਾਂ ਹੋਰ ਜਾਣਕਾਰੀ ਦੇਣ ਲਈ ਕਦਮ ਚੁੱਕ ਰਹੇ ਹੁੰਦੇ ਹੋ ਜਿਨ੍ਹਾਂ ਦੀ ਮਨਿਸਟਰੀ ਨੂੰ ਤੁਹਾਡੀ ਸਪੌਂਸਰਸ਼ਿਪ ਬਾਰੇ ਲੋੜ ਹੁੰਦੀ ਹੈ।

**ਇਮੀਡੇਟ ਨੀਡਜ਼ ਅਸੈਸਮੈਂਟ** (immediate needs assessment) ਜੇ ਤੁਸੀਂ ਇਹ ਦਿਖਾ ਸਕਦੇ ਹੋਵੋ ਕਿ ਤੁਹਾਨੂੰ ਰਿਹਾਇਸ਼, ਖਾਣੇ ਜਾਂ ਡਾਕਟਰੀ ਸਹਾਇਤਾ ਦੀ ਫੌਰੀ ਲੋੜ ਹੈ ਤਾਂ ਤੁਸੀਂ ਵੈਲਫੇਅਰ ਲਈ ਹੱਕਦਾਰੀ ਦੀ ਇੰਟਰਵਿਊ ਆਮ ਨਾਲੋਂ ਛੇਤੀ ਲੈਣ ਦੇ ਯੋਗ ਹੋਣੇ ਚਾਹੀਦੇ ਹੋ ਅਤੇ ਹੱਕਦਾਰੀ ਦੀ ਤੁਹਾਡੀ ਇੰਟਰਵਿਊ ਤੱਕ ਤੁਹਾਡੀਆਂ ਲੋੜਾਂ ਫੌਰਨ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

**ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ)** (Immigration, Refugees and Citizenship Canada — IRCC) ਫੈਡਰਲ ਸਰਕਾਰ ਦਾ ਉਹ ਹਿੱਸਾ ਜਿਹੜਾ ਇਮੀਗਰੇਸ਼ਨ ਅਤੇ ਸਪੌਂਸਰਸ਼ਿਪ ਦਾ ਪ੍ਰਬੰਧ ਚਲਾਉਂਦਾ ਹੈ।

**ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡੱਕਸ਼ਨ (ਐੱਸ ਡੀ ਪੀ ਆਰ)** (Ministry of Social Development and Poverty Reduction) ਸੂਬਾਈ ਸਰਕਾਰ ਦਾ ਉਹ ਹਿੱਸਾ ਜਿਹੜਾ ਵੈਲਫੇਅਰ ਦਾ ਪ੍ਰਬੰਧ ਚਲਾਉਂਦਾ ਹੈ।

**ਓਰੀਐਨਟੇਸ਼ਨ** (orientation) ਵੈਲਫੇਅਰ ਬਾਰੇ ਜਾਣਨਾ ਅਤੇ ਇਹ ਜਾਣਨਾ ਕਿ ਆਪਣੀ ਹੱਕਦਾਰੀ ਲਈ ਇੰਟਰਵਿਊ ਵਿਚ ਤੁਹਾਨੂੰ ਕੀ ਲਿਆਉਣ ਦੀ ਲੋੜ ਹੈ।

**ਪ੍ਰਮਾਨੈਂਟ ਰੈਜ਼ੀਡੈਂਟ** (permanent resident) ਇਸ ਨੂੰ ਲੈਂਡਿਡ ਇਮੀਗਰਾਂਟ ਵੀ ਕਿਹਾ ਜਾਂਦਾ ਹੈ। ਇਹ ਉਹ ਵਿਅਕਤੀ ਹੈ ਜਿਸ ਨੂੰ ਕੈਨੇਡਾ ਵਿਚ ਅਣਮਿੱਥੇ ਸਮੇਂ ਲਈ ਰਹਿਣ ਅਤੇ ਕੰਮ ਕਰਨ ਦਾ ਹੱਕ ਹੈ। ਪ੍ਰਮਾਨੈਂਟ ਰੈਜ਼ੀਡੈਂਟ ਹਰ ਪੰਜ ਸਾਲਾਂ ਵਿੱਚੋਂ ਤਿੰਨ ਸਾਲ ਤੋਂ ਜ਼ਿਆਦਾ ਸਮਾਂ ਦੇਸ਼ ਤੋਂ ਬਾਹਰ ਨਹੀਂ ਰਹਿ ਸਕਦਾ।

**ਫੋਟੋ ਆਈ ਡੀ** (photo ID) ਕੋਈ ਵੀ ਸਰਕਾਰੀ ਕਾਰਡ ਜਾਂ ਪੇਪਰ ਜਿਸ ’ਤੇ ਤੁਹਾਡੀ ਫੋਟੋ ਅਤੇ ਤੁਹਾਡੇ ਬਾਰੇ ਜਾਣਕਾਰੀ ਹੈ।

**ਸੋਸ਼ਲ ਇਨਸ਼ੋਰੈਂਸ ਨੰਬਰ (ਸਿਨ)** (Social Insurance Number — SIN) ਹਰ ਸਿਟੀਜ਼ਨ, ਪੱਕਾ ਵਸਨੀਕ, ਜਾਂ ਕੋਈ ਉਹ ਵਿਅਕਤੀ ਜਿਹੜਾ ਕੈਨੇਡਾ ਵਿਚ ਕਾਨੂੰਨੀ ਤੌਰ ’ਤੇ ਕੰਮ ਕਰ ਸਕਦਾ ਹੈ ਆਪਣਾ ਸਿਨ ਫੈਡਰਲ ਸਰਕਾਰ ਤੋਂ ਲੈ ਸਕਦਾ ਹੈ। ਸਰਕਾਰੀ ਦਫਤਰਾਂ ਵਿਚ ਜਾਣ ਵੇਲੇ ਜਾਂ ਕਿਸੇ ਕੰਮ ਲਈ ਅਪਲਾਈ ਕਰਨ ਵੇਲੇ ਤੁਹਾਨੂੰ ਆਪਣਾ ਸਿਨ ਕਾਰਡ ਅਕਸਰ ਦਿਖਾਉਣ ਦੀ ਲੋੜ ਪੈਂਦੀ ਹੈ।

**ਸਪੌਂਸਰ** (sponsor) ਉਹ ਵਿਅਕਤੀ ਜਿਹੜਾ ਕੈਨੇਡਾ ਪੱਕੇ ਤੌਰ ’ਤੇ ਆਉਣ ਵਾਲੇ ਪਰਿਵਾਰ ਦੇ ਮੈਂਬਰ ਦੀ ਮਦਦ ਕਰਨ ਲਈ ਸਹਿਮਤ ਹੋਣ ਦੇ ਪੇਪਰਾਂ ’ਤੇ ਦਸਖਤ ਕਰਦਾ ਹੈ।

**ਸਪਾਉਸ** (spouse) ਪਤੀ, ਪਤਨੀ, ਕੰਜੂਗਲ ਪਾਰਟਨਰ, ਜਾਂ ਵਿਰੋਧੀ ਜਾਂ ਸਮਲਿੰਗੀ ਸੈਕਸ ਦਾ ਕੌਮਨ-ਲਾਅ ਪਾਰਟਨਰ।

**ਅੰਡਰਟੇਕਿੰਗ** (undertaking) ਇਕ ਪੇਪਰ ਜਿਸ ’ਤੇ ਕੋਈ ਵਿਅਕਤੀ ਕਿਸੇ ਦਾ ਸਪੌਂਸਰ ਬਣਨ ਲਈ ਅਪਲਾਈ ਕਰਨ ਵੇਲੇ ਦਸਖਤ ਕਰਦਾ ਹੈ। ਇਹ ਇਕ ਵਾਅਦਾ ਹੈ ਕਿ ਸਪੌਂਸਰ ਕਰਨ ਵਾਲਾ, ਸਪੌਂਸਰ ਕੀਤੇ ਜਾਣ ਵਾਲੇ ਵਿਅਕਤੀ ਦੀ ਮਾਇਕ ਮਦਦ ਕਰੇਗਾ।

**ਵੇਰੀਫੀਕੇਸ਼ਨ** (verification) ਜਦੋਂ ਮਨਿਸਟਰੀ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਚੈੱਕ ਕਰਦੀ ਹੈ। ਮਨਿਸਟਰੀ ਤੋਂ ਕੋਈ ਵਿਅਕਤੀ ਤੁਹਾਡੇ ਘਰ ਆ ਸਕਦਾ ਹੈ (ਜਿਸ ਨੂੰ ਹੋਮ ਵਿਜ਼ਟ ਆਖਿਆ ਜਾਂਦਾ ਹੈ), ਹੋਰ ਲੋਕਾਂ ਨਾਲ ਗੱਲ ਕਰ ਸਕਦਾ ਹੈ, ਜਾਂ ਸਰਕਾਰ ਦੇ ਹੋਰ ਰਿਕਾਰਡ ਚੈੱਕ ਕਰ ਸਕਦਾ ਹੈ।

**ਵੈਲਫੇਅਰ** (welfare) ਇਸ ਨੂੰ ਇਨਕਮ ਅਸਿਸਟੈਂਸ ਜਾਂ ਸੋਸ਼ਲ ਅਸਿਸਟੈਂਸ ਵੀ ਕਿਹਾ ਜਾਂਦਾ ਹੈ। ਇਹ ਉਹ ਪੈਸੇ ਹਨ ਜਿਹੜੇ ਤੁਸੀਂ ਰੋਟੀ, ਰਿਹਾਇਸ਼, ਕੱਪੜਿਆਂ, ਅਤੇ ਹੋਰ ਮੁਢਲੀਆਂ ਲੋੜਾਂ ਲਈ ਮਨਿਸਟਰੀ ਤੋਂ ਉਦੋਂ ਲੈਣ ਦੇ ਯੋਗ ਹੋ ਸਕਦੇ ਹੋ ਜਦੋਂ ਤੁਸੀਂ ਆਪਣਾ ਗੁਜ਼ਾਰਾ ਕਰਨ ਦੇ ਯੋਗ ਨਹੀਂ ਹੁੰਦੇ। ਵੈਲਫੇਅਰ ਵਿਚ ਡਿਸਏਬਿਲਟੀ ਬੈਨੇਫਿਟਸ, ਹਾਰਡਸ਼ਿਪ ਅਸਿਸਟੈਂਸ, ਅਤੇ ਆਮ ਵੈਲਫੇਅਰ ਸ਼ਾਮਲ ਹਨ।

**ਵਰਕ ਸਰਚ** (work search) ਉਹ ਸਮਾਂ ਜਿਸ ਸਮੇਂ ਦੌਰਾਨ ਤੁਹਾਡੇ ਲਈ ਕੰਮ ਦੀ ਭਾਲ ਕਰਨਾ ਜ਼ਰੂਰੀ ਹੈ ਅਤੇ ਜੋ ਤੁਸੀਂ ਕੀਤਾ ਹੈ ਅਤੇ ਜਿੱਥੇ ਜਿੱਥੇ ਤੁਸੀਂ ਜੌਬਾਂ ਲਈ ਅਪਲਾਈ ਕੀਤਾ ਹੈ ਉਸ ਦਾ ਰਿਕਾਰਡ ਰੱਖਣਾ ਵੀ ਜ਼ਰੂਰੀ ਹੈ।

# ਸਪੌਂਸਰਸ਼ਿਪ ਦਾ ਟੁੱਟਣਾ ਕਿਤਾਬਚਾ ਕਿਵੇਂ ਲੈਣਾ ਹੈ

How to get *Sponsorship Breakdown*

ਅਤੇ ਲੀਗਲ ਸਰਵਿਸਿਜ਼ ਸੁਸਾਇਟੀ ਦੀਆਂ ਹੋਰ ਮੁਫਤ ਲਿਖਤਾਂ ਕਿਵੇਂ ਲੈਣੀਆਂ ਹਨ

**ਪੜ੍ਹੋ** mylawbc.com/pubs

**ਆਰਡਰ ਕਰੋ** crownpub.bc.ca
(Quick Links ਥੱਲੇ, BC Public Legal Education & Information ਤੇ ਕਲਿੱਕ ਕਰੋ)

## ਆਰਡਰ ਕਰਨ ਬਾਰੇ ਸਵਾਲ ਹਨ?

604-601-6000
distribution@lss.bc.ca

## ਇਸ ਲਿਖਤ ਬਾਰੇ ਕੋਈ ਵਿਚਾਰ ਹਨ?

publications@lss.bc.ca

@ legalaidbc